# Knowledge Hub

## ਕੰਪਿਊਟਰ ਸਾਇੰਸ ਈ-ਮੈਗਜ਼ੀਨ 2023-24

## ਅੰਕ : 02







# Knowledge Hub

## Computer Science
## e-magazine
## 2023-24
## version 2.0


**Editor**

**Jaspal Singh**
**Computer Faculty**
**Govt. Sen. Sec. School Naru Nangal**
**Hoshiarpur**



****ਮੈਗਜ਼ੀਨ ਵਿੱਚ ਲੇਖਕਾਂ (ਅਧਿਆਪਕਾਂ ਅਤੇ ਵਿਦਿਆਰਥੀਆਂ) ਵੱਲੋਂ ਲਿਖੇ ਗਏ ਲੇਖ, ਕਵਿਤਾਵਾਂ ਅਤੇ ਹੋਰ ਸਮੱਗਰੀ ਲੇਖਕ ਦੀ ਸਵੈ-ਲਿਖਤ ਹੋਣ ਦਾ ਸਾਡੇ ਕੋਲ ਕੋਈ ਸਬੂਤ ਨਹੀਂ ਹੈ। ਇਸ ਲਈ ਕੋਈ ਵੀ ਕਾਨੂੰਨੀ ਵਿਵਾਦ ਲਈ ਲੇਖਕ ਖ਼ੁਦ ਜ਼ਿੰਮੇਵਾਰ ਹੋਵੇਗਾ।


rawpixel



# ਸੰਪਾਦਕੀ ਸ਼ਬਦ

ਅਧਿਆਪਕ ਸਾਥੀਓ ਅਤੇ ਪਿਆਰੇ ਵਿਦਿਆਰਥੀਓ ਆਪ ਸਭ ਦੀ ਕੰਪਿਊਟਰ ਸਾਇੰਸ ਵਿਸ਼ੇ ਵਿੱਚ ਰੁਚੀ ਨੂੰ ਦੇਖਦੇ ਹੋਏ ਅਤੇ ਇਸ ਈ-ਮੈਗਜ਼ੀਨ ਵਿੱਚ ਆਪ ਦੀ ਭਾਗੀਦਾਰੀ ਨਾਲ ਮੈਨੂੰ ਬੜੀ ਖੁਸ਼ੀ ਅਤੇ ਮਾਣ ਮਹਿਸੂਸ ਹੋਇਆ ਹੈ। ਕੰਪਿਊਟਰ ਸਾਇੰਸ ਦਾ ਵਿਸ਼ਾ ਵਿਦਿਆਰਥੀਆਂ ਦਾ ਬੜਾ ਹਰਮਨ ਪਿਆਰਾ ਵਿਸ਼ਾ ਹੋਣ ਦੇ ਨਾਲ-ਨਾਲ ਇਸ ਵਿਸ਼ੇ ਨੂੰ ਵਿਦਿਆਰਥੀ ਬੜੇ ਚਾਅ ਨਾਲ ਪੜ੍ਹਦੇ ਹਨ ਅਤੇ ਇਹ ਸਾਡੇ ਜੀਵਨ ਦੀ ਜਰੂਰਤ ਵੀ ਹੈ। ਅੱਜ ਦੇ ਇਸ ਡਿਜ਼ੀਟਲ ਯੁੱਗ ਵਿੱਚ ਇਸ ਤੋਂ ਬਿਨ੍ਹਾਂ ਅਸੀ ਆਪਣੇ ਜੀਵਨ ਨੂੰ ਅਧੂਰਾ ਮਹਿਸੂਸ ਕਰਦੇ ਹਾਂ। ਵਿਦਿਆਰਥੀਆਂ ਵਿੱਚ ਕਲਾ ਤੇ ਰੁਚੀਆਂ ਦਾ ਵਿਕਾਸ ਹੋਣਾ ਮਨੁੱਖ ਦੇ ਵਿਕਾਸ ਲਈ ਜ਼ਰੂਰੀ ਹੈ। ਨਾਲਜ ਹੱਬ ਕੰਪਿਊਟਰ ਸਾਇੰਸ ਈ-ਮੈਗਜ਼ੀਨ ਨੂੰ ਪ੍ਰਕਾਸ਼ਿਤ ਕਰਨਾ ਕੰਪਿਊਟਰ ਸਾਇੰਸ ਵਿਸ਼ੇ ਨੂੰ ਨਿਵੇਕਲਾ ਬਣਾਉਣਾ ਅਤੇ ਵਿਦਿਆਰਥੀਆਂ ਵਿੱਚ ਡਿਜ਼ੀਟਲ ਯੁੱਗ ਪ੍ਰਤਿ ਜਾਗਰੁਕਤਾ ਪੈਦਾ ਕਰਨਾ ਹੀ ਇਸ ਮੈਗਜ਼ੀਨ ਦਾ ਮੁੱਖ ਉਦੇਸ਼ ਹੈ। ਇਸ ਮੈਗਜ਼ੀਨ ਵਿੱਚ ਪੂਰੇ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੀਆਂ ਰਚਨਾਵਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਮੈਨੂੰ ਆਸ ਹੈ ਕਿ ਤੁਸੀ ਅੱਗੇ ਤੋਂ ਵੀ ਇਸੇ ਤਰ੍ਹਾਂ ਇਸ ਈ-ਮੈਗਜੀਨ ਵਿੱਚ ਆਪਣੀ ਸ਼ਮੂਲੀਅਤ ਨੂੰ ਬਣਾਈ ਰਖੋਗੇ ਤਾਂ ਕਿ ਇਸ ਈ-ਮੈਗਜ਼ੀਨ ਦੀ ਲੜ੍ਹੀ ਨੂੰ ਅੱਗੇ ਵਧਾਇਆ ਜਾ ਸਕੇ।

ਸੰਪਾਦਕ

ਜਸਪਾਲ ਸਿੰਘ

ਕੰਪਿਊਟਰ ਫੈਕਲਟੀ

ਸ.ਸ.ਸ.ਸ. ਨਾਰੂ ਨੰਗਲ

ਹੁਸ਼ਿਆਰਪੁਰ।

# message



we all are aware of the exciting world of digital education. Being a principal, I'm thrilled to see how technology is transforming the way we learn and grow. Digital education, also known as e-learning, involves using electronic devices and the internet to access educational content, interact with teachers, and collaborate with classmates. It's like bringing the classroom at your fingertips!

Now, why is digital education us so important? Well, first and foremost, it opens up a world of possibilities. With digital tools, we can access a vast array of resources, from interactive textbooks to educational videos, simulations, and even virtual reality experiences. This means we can learn about anything, anywhere, anytime. Moreover, digital education promotes personalized learning. Each student has unique strengths, weaknesses, and learning styles. With digital tools, teachers can tailor instruction to meet individual needs, providing extra support where needed and allowing advanced students to explore topics in greater depth.

Another benefit of digital education is collaboration. Through online platforms, students can work together on projects, share ideas, and give feedback to one another. This not only enhances teamwork skills but also fosters a sense of community and belongingness.

to be continued...

Of course, like anything else, digital education comes with its challenges. We must be mindful of issues like digital equity, ensuring that all students have access to the necessary technology and internet connectivity. Additionally, we must teach students how to navigate the digital world responsibly, addressing topics like online safety, digital citizenship, and information literacy.

As we embrace digital education, let's remember that technology is a tool, not a replacement for effective teaching and learning. Our goal remains the same: to empower you and other students, to become lifelong learners, critical thinkers, and responsible citizens. So, let's embrace the opportunities that digital education offers us. Together, let's embark on this exciting journey of learning and discovery, where the possibilities are endless. In order to be familiar with all the possibilities of digital education, Knowledge Hub is a well established platform where you can learn endlessly

With best wishes

Shailender Thakur

Principal

GSSS Naru Nangal

Hoshiarpur

# ਸੰਦੇਸ਼

ਵਿਦਿਆਰਥੀ ਦੇ ਕੈਰੀਅਰ ਵਿਕਾਸ ਵਿੱਚ ਕੰਪਿਊਟਰ ਸਿੱਖਿਆ ਮਹੱਤਵਪੂਰਣ ਭੂਮਿਕਾ ਅਦਾ ਕਰਦੀ ਹੈ। ਨਵੇਂ ਹੁਨਰਾਂ ਅਤੇ ਉੱਨਤ ਸਸੰਕਰਣਾਂ ਨੂੰ ਪ੍ਰਾਪਤ ਕਰਨ ਲਈ, ਇੱਕ ਕੰਪਿਊਟਰ ਇੰਟਰਨੈੱਟ ਕਨੈਕਸ਼ਨ ਦੇ ਨਾਲ ਸਭ ਤੋਂ ਸ਼ਕਤੀਸ਼ਾਲੀ ਉਪਕਰਣ ਹੈ। ਅੱਜ ਕੰਪਿਊਟਰਾਂ ਦੀ ਵਰਤੋਂ ਵਿਆਪਕ ਤੌਰ ਤੇ ਹੋ ਰਹੀ ਹੈ। ਇਹ ਹਰ ਜਗ੍ਹਾ ਜਿਵੇਂ ਕਿ ਇੱਕ ਕੰਪਨੀ, ਕਾਰੋਬਾਰ, ਸਕੂਲ, ਸੰਸਥਾਵਾਂ ਆਦਿ ਵਿੱਚ ਇਸਤੇਮਾਲ ਹੁੰਦਾ ਹੈ। ਵਿਦਿਆਰਥੀ ਅੱਜ ਇੰਟਰਨੈੱਟ ਰਾਹੀਂ ਅਸੀਮਿਤ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ। ਕੰਪਿਊਟਰ ਅਤੇ ਸਿੱਖਿਆ ਇੱਕ ਦੂਜੇ ਨਾਲ ਸੰਬੰਧਤ ਹਨ ਕਿਉਂਕਿ ਇਹ ਇੱਕ ਵਿਦਿਆਰਥੀ ਨੂੰ ਤਕਨੀਕੀ ਤੌਰ ਤੇ ਪ੍ਰਭਾਵਸ਼ਾਲੀ ਢੰਗ ਨਾਲ ਸਿਰਜਣਾਤਮਕ ਸੋਚਣ ਅਤੇ ਕਲਪਨਾ ਦੀ ਪੜਚੋਲ ਕਰਨ ਵਿੱਚ ਸਹਾਇਤਾ ਕਰਦਾ ਹੈ। ਕੰਪਿਊਟਰ ਰਾਹੀਂ ਸਿੱਖਿਆ, ਵਿਦਿਆਰਥੀਆਂ ਨੂੰ ਆਕਰਸ਼ਤ ਕਰਨ ਵਿੱਚ ਸਹਾਇਤਾ ਕਰਦੀ ਹੈ। ਵੀਡੀਓ ਪ੍ਰਭਾਵ, ਸੁੰਦਰਤਾ ਅਤੇ ਪ੍ਰਭਾਵਸ਼ਾਲੀ ਸਮੱਗਰੀ ਨਾਲ ਸਿੱਖਣ ਵਿੱਚ ਵਿਦਿਆਰਥੀਆਂ ਦੀ ਮਦਦ ਕਰਦੇ ਹਨ । ਇਸ ਮੈਗਜ਼ੀਨ ਰਾਹੀਂ ਵਿਦਿਆਰਥੀਆਂ ਨੂੰ ਕੰਪਿਊਟਰ ਸਿੱਖਿਆਂ ਨਾਲ ਜੋੜਨ ਅਤੇ ਅੱਜ ਦੇ ਡਿਜੀਟਲ ਯੁੱਗ ਦੇ ਹਾਣੀ ਬਣਾਉਣ ਦੇ ਇਸ ਨਿਵੇਕਲੇ ਉਪਰਾਲੇ ਦੀ ਸ਼ਲਾਘਾ ਕਰਦਾ ਹੋਇਆ ਨਾਲਜ ਹੱਬ ਕੰਪਿਊਟਰ ਸਾਇੰਸ ਈ-ਮੈਗਜ਼ੀਨ ਅੰਕ-2 ਨੂੰ ਪ੍ਰਕਾਸ਼ਿਤ ਕਰਨ ਲਈ ਮੈਂ ਸ੍ਰੀ ਜਸਪਾਲ ਸਿੰਘ ਜੀ ਨੂੰ ਦਿਲੋਂ ਵਧਾਈ ਦਿੰਦਾ ਹਾਂ। ਜਿਨ੍ਹਾਂ ਦੀ ਮਿਹਤਨ ਸਦਕਾਂ ਇਸ ਮੈਗਜ਼ੀਨ ਵਿੱਚ ਪੂਰੇ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੀਆਂ ਰਚਨਾਵਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਮੈਂ ਅਧਿਆਪਕ ਸਾਥੀਆਂ ਅਤੇ ਵਿਦਿਆਰਥੀਆਂ ਦੀ ਕੰਪਿਊਟਰ ਸਾਇੰਸ ਪ੍ਰਤੀ ਉਨ੍ਹਾਂ ਦੀ ਰੂਚੀ ਲਈ ਪ੍ਰਸ਼ੰਸ਼ਾ ਕਰਦਾ ਹਾਂ ਅਤੇ ਵਿਦਿਆਰਥੀਆਂ ਦੇ ਇਸ ਮੈਗਜ਼ੀਨ ਵਿੱਚ ਪਾਏ ਗਏ ਯੋਗਦਾਨ ਲਈ ਸ਼ਲਾਂਘਾ ਕਰਦਾ ਹੋਇਆ ਵਿਦਿਆਰਥੀਆਂ ਨੂੰ ਤਕਨੀਕੀ ਅਤੇ ਸੂਚਨਾ ਦਾ ਹਾਣੀ ਬਣੇ ਰਹਿਣ ਦੀ ਅਪੀਲ ਕਰਦਾ ਹਾਂ ਅਤੇ ਉਨ੍ਹਾਂ ਦੇ ਸ਼ਾਨਦਾਰ ਭਵਿੱਖ ਦੀ ਕਾਮਨਾ ਕਰਦਾ ਹਾਂ। ਮੈ ਆਸ ਕਰਦਾ ਹਾਂ ਕਿ ਸ੍ਰੀ ਜਸਪਾਲ ਸਿੰਘ ਜੀ ਭਵਿੱਖ ਵਿੱਚ ਵੀ ਵਿਦਿਆਰਥੀਆਂ ਨੂੰ ਕੰਪਿਊਟਰ ਸਿੱਖਿਆ ਨਾਲ ਜੋੜਨ ਲਈ ਇਸ ਤਰ੍ਹਾਂ ਦੇ ਉਪਰਾਲੇ ਕਰਦੇ ਰਹਿਣਗੇ। ਸ਼ੁੱਭ ਕਾਮਨਾਵਾਂ ਸਹਿਤ।

ਸਤਵੰਤ ਸਿੰਘ

ਐਸ.ਆਰ.ਪੀ.

ਕੰਪਿਊਟਰ ਸਾਇੰਸ

ਪੰਜਾਬ।

# ਸੰਦੇਸ਼

ਸ੍ਰੀ ਜਸਪਾਲ ਸਿੰਘ ਜੀ ਦੇ ਸਿਰਜਣਾਤਮਕ ਉਪਰਾਲੇ ਦੀ ਸ਼ਲਾਘਾ ਕਰਦਾ ਹੋਇਆ ਨਾਲਜ ਹੱਬ ਕੰਪਿਊਟਰ ਸਾਇੰਸ ਈ-ਮੈਗਜ਼ੀਨ ਅੰਕ-2 ਨੂੰ ਪ੍ਰਕਾਸ਼ਿਤ ਕਰਨ ਲਈ ਮੈਂ ਦਿਲੋਂ ਵਧਾਈ ਦਿੰਦਾ ਹਾਂ। ਉਹ ਕੰਪਿਊਟਰ ਸਾਇੰਸ ਵਿਸ਼ੇ ਨੂੰ ਨਿਵੇਕਲਾ ਬਣਾਉਣ ਵਾਸਤੇ ਬੜੀ ਮਿਹਨਤ ਕਰ ਰਹੇ ਹਨ। ਕੰਪਿਊਟਰ ਸਾਇੰਸ ਵਿਸ਼ੇ ਨੂੰ ਰੋਚਕ ਬਣਾਉਣ ਲਈ ਉਹਨਾਂ ਵਲੋਂ ਕਈ ਤਰ੍ਹਾਂ ਦੀਆਂ ਤਕਨੀਕਾਂ ਦੀ ਵਰਤੋਂ ਕਰਕੇ ਵਿਦਿਆਰਥੀਆਂ ਨੂੰ ਨਵੀਂ ਤੋਂ ਨਵੀਂ ਜਾਣਕਾਰੀ ਦਿੱਤੀ ਜਾਂਦੀ ਹੈ। ਜਿਸ ਨਾਲ ਵਿਦਿਆਰਥੀਆਂ ਵਿੱਚ ਕੰਪਿਊਟਰ ਸਾਇੰਸ ਵਿਸ਼ੇ ਵਿੱਚ ਰੁਚੀ ਵੱਧ ਰਹੀ ਹੈ। ਨਾਲਜ ਹੱਬ ਕੰਪਿਊਟਰ ਸਾਇੰਸ ਈ-ਮੈਗਜ਼ੀਨ ਇਹਨਾਂ ਦੀ ਮਿਹਨਤ ਦਾ ਸਬੂਤ ਹੈ। ਇਸ ਮੈਗਜ਼ੀਨ ਵਿੱਚ ਪੂਰੇ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੀਆਂ ਰਚਨਾਵਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਮੈਨੂੰ ਆਸ ਹੈ ਕਿ ਉਹ ਆਉਣ ਵਾਲੇ ਸਮੇਂ ਦੌਰਾਨ ਕੰਪਿਊਟਰ ਸਾਇੰਸ ਵਿਸ਼ੇ ਨੂੰ ਵਿਦਿਆਰਥੀਆਂ ਨਾਲ ਜੋੜਨ ਲਈ ਕੰਮ ਕਰਦੇ ਰਹਿਣਗੇ।

ਸ਼ੁੱਭ ਕਾਮਨਾਵਾਂ ਸਹਿਤ।

ਇੰਦਰਪਾਲ ਸਿੰਘ
ਡੀ.ਐਮ.
ਕੰਪਿਊਟਰ ਸਾਇੰਸ
ਹੁਸ਼ਿਆਰਪੁਰ।

# ਸੰਦੇਸ਼

ਸ੍ਰੀ ਜਸਪਾਲ ਸਿੰਘ ਜੀ ਕੰਪਿਊਟਰ ਸਾਇੰਸ ਵਿਸ਼ੇ ਨੂੰ ਵਿਦਿਆਰਥੀਆਂ ਨਾਲ ਜੋੜਨ ਲਈ ਬੜੀ ਮਿਹਨਤ ਕਰ ਰਹੇ ਹਨ। ਉਹਨਾਂ ਵਲੋਂ ਪਿਛਲੇ ਕਾਫੀ ਸਮੇਂ ਤੋਂ ਵੱਖ-ਵੱਖ ਗਤੀਵਿਧੀਆਂ ਰਾਹੀਂ ਵਿਦਿਆਰਥੀਆਂ ਨੂੰ ਕੰਪਿਊਟਰ ਸਾਇੰਸ ਵਿਸ਼ੇ ਨਾਲ਼ ਜੋੜਨ ਵਾਸਤੇ ਆਡੀਓਜ਼, ਵੀਡੀਓਜ਼, ਗੂਗਲ ਫਾਰਮ, ਆਨਲਾਈਨ ਟੈਸਟ, ਹੋਰ ਰੋਚਕ ਗਤੀਵਿਧੀਆਂ ਰਾਹੀਂ ਕੰਪਿਊਟਰ ਸਾਇੰਸ ਵਿਸ਼ੇ ਵਿੱਚ ਰੁਚੀ ਪੈਦਾ ਕਰਨ ਲਈ ਉਪਰਾਲੇ ਕੀਤੇ ਜਾਂ ਰਹੇ ਹਨ ਅਤੇ ਉਨ੍ਹਾਂ ਵਲੋਂ ਇਸ ਮੈਗਜ਼ੀਨ ਰਾਹੀ ਵਿਦਿਆਰਥੀਆਂ ਦੇ ਅੰਦਰ ਛਿਪੀ ਲਿਖਤ ਦੀ ਕਲਾਂ ਨੂੰ ਨਿਖਾਰਨ ਦਾ ਵਧੀਆਂ ਉਪਰਾਲਾ ਕੀਤਾ ਗਿਆ ਹੈ। ਇਸ ਨਾਲ ਵਿਦਿਆਰਥੀਆਂ ਦੀ ਕਲਾਂ ਨੂੰ ਉਭਾਰਨ ਦੇ ਨਾਲ-ਨਾਲ ਉਨ੍ਹਾਂ ਦੇ ਗਿਆਨ ਵਿੱਚ ਵੀ ਵਾਧਾ ਹੋ ਰਿਹਾਂ ਹੈ। ਜਿਸ ਤਰ੍ਹਾਂ ਅਸੀਂ ਬੜੀ ਤੇਜੀ ਨਾਲ ਸ਼ੋਸਲ ਮੀਡੀਆ ਨਾਲ ਜੁੜ ਰਹੇ ਹਾਂ ਉਸੇ ਤਰ੍ਹਾਂ ਸਾਈਬਰ ਕ੍ਰਾਇਮ ਦਾ ਵੀ ਪਸਾਰ ਵੱਧ ਰਿਹਾਂ ਹੈ। ਇਸ ਲਈ ਸਮੇ-ਸਮੇਂ ਤੇ ਇਸ ਤਰ੍ਹਾਂ ਦੇ ਉਪਰਾਲੇ ਹੋਣੇ ਚਾਹੀਦੇ ਹਨ ਜਿਸ ਨਾਲ ਵਿਦਿਆਰਥੀਆਂ ਦੇ ਗਿਆਨ ਵਿੱਚ ਵਾਧੇ ਦੇ ਨਾਲ-ਨਾਲ ਉਨ੍ਹਾਂ ਨੂੰ ਇਸ ਡਿਜੀਟਲ ਯੁੱਗ ਵਿੱਚ ਸਾਈਬਰ ਸੁਕਿਉਰਟੀ ਬਾਰੇ ਸੁਚੇਤ ਕਰਵਾਇਆ ਜਾ ਸਕੇ। ਕਿਉਂਕਿ ਇਹ ਵਿਦਿਆਰਥੀ ਹੀ ਸਾਡੇ ਦੇਸ਼ ਦਾ ਭਵਿੱਖ ਹਨ। ਇਸ ਲਈ ਮੈਂ ਉਨ੍ਹਾਂ ਦੇ ਨਾਲਜ ਹੱਬ ਕੰਪਿਊਟਰ ਸਾਇੰਸ ਈ-ਮੈਗਜ਼ੀਨ ਅੰਕ-2 ਨੂੰ ਪ੍ਰਕਾਸ਼ਿਤ ਕਰਨ ਲਈ ਦਿਲੋਂ ਵਧਾਈ ਦਿੰਦਾ ਹਾਂ। ਮੈ ਆਸ ਕਰਦਾ ਹਾਂ ਕਿ ਉਹ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਕੰਪਿਊਟਰ ਸਾਇੰਸ ਵਿਸ਼ੇ ਵਾਸਤੇ ਕੰਮ ਕਰਦੇ ਰਹਿਣਗੇ।

ਸ਼ੁੱਭ ਕਾਮਨਾਵਾਂ ਸਹਿਤ।

ਮਨਿੰਦਰ ਸਿੰਘ  
ਡੀ.ਐਮ.  
ਕੰਪਿਊਟਰ ਸਾਇੰਸ  
ਫਤਿਹਗੜ੍ਹ ਸਾਹਿਬ।

e-Magazine

# index


| | | |
|---|---|---|
| 1. | ਡਿਜ਼ੀਟਲ ਜ਼ਿੰਦਗੀ (ਕਵਿਤਾ) | P:1 |
| 2. | COMPUTER EDUCATION (Article) | P:2 |
| 3. | ਸਾਰਾ ਜ਼ਮਾਨਾ ਸੋਸ਼ਲ ਮੀਡੀਆ ਦਾ ਦੀਵਾਨਾ (ਲੇਖ) | P:3-7 |
| 4. | Cyber bullying (Article) | P:8-11 |
| 5. | Cyber Life (Poem) | P:12 |
| 6. | ਇੰਟਰਨੈੱਟ (ਲੇਖ) | P:13 |
| 7. | ਆਰਟੀਫਿਸ਼ੀਅਲ ਇੰਟੈਲੀਜੈਂਸ (ਲੇਖ) | P:14 |
| 8. | ਸਾਈਬਰ ਅਪਰਾਧ (ਲੇਖ) | P:15 |
| 9. | ਕੰਪਿਊਟਰ ਦੀ ਤਾਕਤ (ਲੇਖ) | P:16-17 |
| 10. | Digital Footprint (Article) | P:18-20 |
| 11. | Internet Banking Tips (Article) | P:21-24 |
| 12. | Super Smart Machines............... (Article) | P:25-26 |
| 13. | LANGUAGE OF COMPUTER (Article) | P:27 |
| 14. | Life Before the computer | P:28 |

# index


| | | |
|---|---|---|
| 15. | Cyber Security (Article) | P:29 |
| 16. | Google Lens (Article) | P:30 |
| 17. | Artificial intelligence (Article) | P:31 |
| 18. | Information Technology (Article) | P:32 |
| 19. | DON'T FORGET | P:33 |
| 20. | Google Drawing (Article) | P:34 |
| 21. | Life of Computer (Article) | P:35 |

# “ਡਿਜ਼ੀਟਲ ਜ਼ਿੰਦਗੀ”



ਅਸੀਂ ਆਪਣੀਆਂ ਕਹਾਣੀਆਂ ਸਕ੍ਰੀਨਾਂ 'ਤੇ ਇੰਨੀਆਂ ਚਮਕਦਾਰ ਸਾਂਝੀਆਂ ਕਰਦੇ ਹਾਂ,
ਸੋਸ਼ਲ ਮੀਡੀਆ ਤੇ, ਅਸੀਂ ਆਪਣੀ ਉਡਾਣ ਲੈਂਦੇ ਹਾਂ,
ਸੋਸ਼ਲ ਨੈਟਵਰਕ ਦੁਆਰਾ, ਅਸੀਂ ਸੋਸ਼ਲ ਮੀਡੀਆ ਨਾਲ ਜੁੜਦੇ ਹਾਂ,
ਇਸ ਡਿਜ਼ੀਟਲ ਖੇਤਰ ਵਿੱਚ ਅਸੀਂ ਆਪਣਾ ਘਰ ਲੱਭਦੇ ਹਾਂ।

ਪਰ ਡਿਜ਼ੀਟਲ ਜ਼ਿੰਦਗੀ ਵਿੱਚ, ਸਾਵਧਾਨ ਰਹੋ,
ਸਾਈਬਰ ਕ੍ਰਾਈਮ ਦਾ ਪਸਾਰ ਵੱਧਦਾ ਜਾ ਰਿਹਾ ਹੈ,
ਵਿਸ਼ਾਲ ਵੈੱਬ ਵਿੱਚ, ਜਿੱਥੇ ਜਾਣਕਾਰੀ ਵਹਿੰਦੀ ਹੈ,
ਸਾਡੇ ਡਿਜ਼ੀਟਲ ਪੈਰਾਂ ਦੇ ਨਿਸ਼ਾਨ, ਬੇਨਕਾਬ ਹੁੰਦੇ ਜਾ ਰਹੇ ਹਨ।

ਫਿਰ ਵੀ, ਇਸ ਡਿਜ਼ੀਟਲ ਜ਼ਿੰਦਗੀ ਵਿੱਚ, ਬੇਅੰਤ ਹੈਰਾਨੀ ਹੈ,
ਵਰਚੁਅਲ ਦੁਨੀਆ ਤੋਂ ਬਿਜਲੀ ਅਤੇ ਗਰਜ ਤੱਕ।
ਅਸੀਂ ਤਕਨਾਲੋਜੀ ਦੀ ਸ਼ਾਨਦਾਰ ਸ਼ਕਤੀ ਦਾ ਇਸਤੇਮਾਲ ਕਰਦੇ ਹਾਂ,
ਇੱਕ ਭਵਿੱਖ ਨੂੰ ਬਣਾਉਣ ਲਈ ਜੋ ਸਦਾ ਤੱਤਪਰ ਹੈ।

ਇਸ ਡਿਜ਼ੀਟਲ ਜ਼ਿੰਦਗੀ ਵਿੱਚ, ਅਸੀਂ ਆਪਣੀ ਕਹਾਣੀ ਲਿਖਦੇ ਹਾਂ,
ਤਰੱਕੀ, ਉਮੀਦ ਅਤੇ ਅਸੀਮ ਮਹਿਮਾ ਦੀ ਕਹਾਣੀ।
ਭਵਿੱਖ ਨੂੰ ਗਲੇ ਲਗਾਓ, ਉੱਚੇ ਦਿਲਾਂ ਨਾਲ,
ਇਸ ਡਿਜ਼ੀਟਲ ਖੇਤਰ ਵਿੱਚ, ਮਨੁੱਖਤਾ ਨੂੰ ਉੱਡਣ ਦਿਓ।

**ਜਸਪਾਲ ਸਿੰਘ**
**ਕੰਪਿਊਟਰ ਫੈਕਲਟੀ**
**ਸ.ਸ.ਸ.ਸ. ਨਾਰੂ ਨੰਗਲ**
**ਹੁਸ਼ਿਆਰਪੁਰ।**

# COMPUTER EDUCATION



Computer education is an essential part of modern life. It equips individuals with the skills and knowledge to interact with and tackle the power of technology. Whether for personal use, career development, or educational enrichment, computer education plays a vital role in today's digitally-driven world. It encourages problem-solving abilities, enhances career prospects, and connects people globally through the internet. Moreover, it encourages adaptability and a mindset of lifelong learning, as technology continuously evolves. In essence, computer education empowers individuals to not only understand the digital landscape but also actively engage and contribute to it.

**Ranjit Kumar**
**Computer Faculty**
**GSSS Naru Nangal**
**(Hoshiarpur)**

# ਸਾਰਾ ਜ਼ਮਾਨਾ

# ਸੋਸ਼ਲ ਮੀਡੀਆ

# ਦਾ ਦੀਵਾਨਾ.. !




ਮੌਜੂਦਾ ਸਮੇਂ ਸੋਸ਼ਲ ਮੀਡੀਆ ਦਾ ਜਾਦੂ ਹਰ ਕਿਸੇ ਦੇ ਸਿਰ ਚੜ ਕੇ ਬੋਲ ਰਿਹਾ ਹੈ। ਬੱਚੇ, ਨੌਜਵਾਨ, ਬਜੁਰਗ, ਹਰ ਆਮ-ਖਾਸ, ਨੇਤਾ-ਅਭਿਨੇਤਾ ਕਹਿਣ ਤੋਂ ਭਾਵ ਸਭ ਇਸ ਦੇ ਦੀਵਾਨੇ ਹੋਏ ਪਏ ਨੇ..! ਸੋਸ਼ਲ ਮੀਡੀਆ ਜਿਸ ਨੂੰ ਪੰਜਾਬੀ ਵਿੱਚ ਬਿਜਲ ਸੱਥ ਵੀ ਕਿਹਾ ਜਾਂਦਾ ਹੈ, ਨੇ ਸਾਡੇ ਜੀਵਨ ਤੇ ਗਹਿਰੀ ਛਾਪ ਛੱਡੀ ਹੈ, ਇੱਥੇ ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਇਹ ਸਾਡੇ ਹਰ ਸਾਹ ਦਾ ਸਾਥੀ ਬਣ ਚੁੱਕਾ ਹੈ, ਹੋਵੇ ਵੀ ਕਿਉਂ ਨਾ ? ਜਦੋਂ ਪਲ-ਪਲ ਦੀ ਹਰ ਖੇਤਰ ਦੀ ਅਪਡੇਟ ਇਸ ਉਪਰ ਨਸ਼ਰ ਹੁੰਦੀ ਰਹਿੰਦੀ ਹੈ। ਇੱਕ ਦਹਾਕੇ ਤੋਂ ਥੋੜ੍ਹੇ ਸਮੇਂ ਵਿੱਚ, ਸੋਸ਼ਲ ਮੀਡੀਆ ਦਾ ਪ੍ਰਭਾਵ ਰੋਜ਼ਾਨਾ ਜੀਵਨ ਦੇ ਲਗਭਗ ਹਰ ਪਹਿਲੂ ਦੇ ਨਜ਼ਰ ਆਉਣ ਲੱਗ ਪਿਆ ਹੈ। ਇਸ ਦੁਆਰਾ ਕੋਈ ਵੀ ਵਿਅਕਤੀ ਅੱਖਰੀ ਸੁਨੇਹਾ, ਤਸਵੀਰ, ਦਸਤਾਵੇਜ, ਆਡੀਓ, ਵੀਡੀਓ ਨੂੰ ਸਰਵਜਨਕ ਰੂਪ ਵਿੱਚ ਜਾਂ ਨਿੱਜੀ ਕਿਸੇ ਵੀ ਇਨਸਾਨ ਨੂੰ ਉਗਲ ਦੇ ਇਕ ਟੱਚ ਨਾਲ ਅੱਖ ਝਮਕਦੇ ਹੀ ਦੁਨੀਆ ਦੇ ਇਕ ਕੋਨੇ ਤੋਂ ਦੂਜੇ ਕੋਨੇ ਤੱਕ ਅਸਾਨੀ ਨਾਲ ਭੇਜ ਸਕਦਾ ਹੈ। ਅੱਜ ਜਦੋਂ ਵੀ ਕੋਈ ਦੋ ਇਨਸਾਨ ਮਿਲਦੇ ਹਨ ਤਾਂ ਉਹ ਆਪਸ ਵਿੱਚ ਸਾਂਝ ਜਾਂ ਰਾਬਤਾ ਜਾਰੀ ਰੱਖਣ ਲਈ ਇਕ ਦੁਜੇ ਨੂੰ ਆਮ ਹੀ ਪੁੱਛਦੇ ਹਨ ਕਿ ਫੇਸਬੁੱਕ/ਇੰਸਟਾ ਤੇ ਤੁਹਾਡੀ ਆਈ.ਡੀ ਕਿਸ ਨਾਮ ਤੇ ਹੈ? ਜਾਂ ਵਟਸਐਪ ਇਸ ਨੰਬਰ ਤੇ ਹੀ ਚੱਲਦਾ..? 'ਸਿਕਸ ਡਿਗਰੀ'(1997) ਤੋਂ ਸ਼ੁਰੂ ਹੋਇਆ ਇਹ ਸਫਰ ਮੌਜੂਦਾ ਸਮੇਂ ਵੀ ਅੱਜ ਵੀ ਨਿਰੰਤਰ ਜਾਰੀ ਹੈ: ਮੌਜੂਦ ਸਮੇਂ ਫੇਸਬੁੱਕ, ਵਟਸਐਪ, ਟਵਿੱਟਰ, ਇੰਸਟਾਗਰਾਮ, ਸਨੈਪਚੈਟ, ਲਿੰਕਡਇਨ, ਟੈਲੀਗ੍ਰਾਮ, ਯੂਟਿਊਬ ਆਦਿ ਪ੍ਰਚਲਿਤ ਸੋਸ਼ਲ ਮੀਡਿਆ ਪਲੇਟਫਾਰਮ ਹਨ।

ਸੋਸ਼ਲ ਮੀਡੀਆ ਨੇ ਭੂਗੋਲਿਕ ਦੂਰੀਆਂ ਨੂੰ ਖਤਮ ਕਰ ਦਿੱਤਾ ਹੈ, ਡਾਟਾ ਰਿਪੋਰਟਰ ਅਪ੍ਰੈਲ 2023 ਦੀ ਵਿਸ਼ਵਵਿਆਪੀ ਸੰਖੇਪ ਜਾਣਕਾਰੀ ਦੇ ਅਨੁਸਾਰ, ਅਸੀਂ ਦੇਖ ਸਕਦੇ ਹਾਂ ਕਿ ਸੋਸ਼ਲ ਮੀਡੀਆ ਦੀ ਵਿਕਾਸ ਦਰ ਲਗਾਤਾਰ ਵਧ ਰਹੀ ਹੈ:

ਚੱਲਦਾ ਪੰਨਾ.....

ਅੱਧੇ ਤੋਂ ਵੱਧ ਸੰਸਾਰ (59.9 ਫੀਸਦੀ) ਹੁਣ ਸੋਸ਼ਲ ਮੀਡੀਆ ਦੀ ਵਰਤੋਂ ਕਰ ਰਿਹਾ ਹੈ। ਦੁਨੀਆ ਭਰ ਦੇ 4.80 ਬਿਲੀਅਨ ਲੋਕ ਹੁਣ ਸੋਸ਼ਲ ਮੀਡੀਆ ਦੀ ਵਰਤੋਂ ਕਰਦੇ ਹਨ, ਪਿਛਲੇ 12 ਮਹੀਨਿਆਂ ਵਿੱਚ 150 ਮਿਲੀਅਨ ਨਵੇਂ ਉਪਭੋਗਤਾ ਆਨਲਾਈਨ ਆਏ ਹਨ। ਇਸ ਹੀ ਸੰਦਰਭ ਵਿੱਚ ਹਰ ਸਾਲ 30 ਜੂਨ ਨੂੰ ਪੂਰੀ ਦੁਨੀਆਂ ਵਿੱਚ ਸੋਸ਼ਲ ਮੀਡੀਆ ਦਿਨ ਮਨਾਇਆ ਜਾਂਦਾ ਹੈ ਤਾਂ ਜੋ ਇਸ ਦੀ ਸਕਾਰਾਤਮਕ ਵਰਤੋਂ ਨੂੰ ਉਤਸਾਹਿਤ ਕੀਤਾ ਜਾ ਸਕੇ ਅਤੇ ਭਵਿੱਖ ਦੀ ਚੁਣੌਤੀਆਂ ਨਾਲ ਨਜਿੱਠਣ ਦੀ ਰਣਨੀਤੀ ਬਣਾਈ ਜਾ ਸਕੇ। ਇਕ ਰਿਪੋਰਟ ਅਨੁਸਾਰ ਅਸੀਂ ਸੋਸ਼ਲ ਮੀਡੀਆ ਦੀ ਵਰਤੋਂ ਕਰਦੇ ਹੋਏ ਪ੍ਰਤੀ ਦਿਨ ਔਸਤਨ 2 ਘੰਟੇ 24 ਮਿੰਟ ਲਾਈਕ, ਸ਼ੇਅਰ ਅਤੇ ਟਿੱਪਣੀਆਂ ਕਰਨ ਵਿੱਚ ਲਗਾਉਂਦੇ ਹਾਂ। ਇਹ ਕਿਸੇ ਵੀ ਅੰਦੋਲਨ ਨੂੰ ਲੋਕ ਲਹਿਰ ਬਣਨ ਵਿੱਚ ਅਹਿਮ ਭੂਮਿਕਾ ਨਿਭਾ ਸਕਦਾ ਹੈ। ਬਲੈਕ ਲਿਵਜਮੈਟਰ, ਮੀਟੂ ਕੰਪੈਅਨ, ਕਿਸਾਨ ਅੰਦੋਲਨ ਅਜਿਹੀਆਂ ਮਿਸਾਲਾਂ ਹਨ ਜਿੰਨਾ ਦੀ ਕਾਮਯਾਬੀ ਪਿੱਛੇ ਬਿਜਲ ਸੱਥ ਦਾ ਹੀ ਯੋਗਦਾਨ ਸੀ। ਬਿਜਲ ਸੱਥ ਨੇ ਉਨ੍ਹਾਂ ਲੋਕਾਂ ਨੂੰ ਮੰਚ ਦਿੱਤਾ ਹੈ ਜਿਹੜੇ ਸਾਧਨਾਂ ਦੀ ਘਾਟ ਕਾਰਨ ਆਪਣੇ ਹੁਨਰ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਵਿੱਚ ਅਸਮੱਰਥ ਸਨ। ਆਮ ਘਰਾਂ ਦੇ ਪ੍ਰਤਿਭਾਸ਼ਾਲੀ ਨੌਜਵਾਨਾਂ ਦੀ ਇੱਕ ਵਾਇਰਲ ਵੀਡਿਓ ਉਨ੍ਹਾਂ ਨੂੰ ਰਾਤੋ ਰਾਤ ਸਟਾਰ ਬਣਾ ਦਿੰਦੀ ਹੈ। ਬਿਜਲ ਸੱਥ ਮੋਜੂਦਾ ਸਮੇਂ ਰੋਜਗਾਰ ਦਾ ਵੀ ਇਕ ਵੱਡਾ ਸਰੋਤ ਬਣਦਾ ਜਾ ਰਿਹਾ ਹੈ। ਇਹ ਇਸ ਦੀ ਤਾਕਤ ਹੈ। ਇਹ ਹੁਣ ਸਾਡੀ ਜ਼ਿੰਦਗੀ ਦੇ ਤਾਣੇ-ਬਾਣੇ ਵਿੱਚ ਸ਼ਾਮਲ ਹੋ ਗਿਆ ਹੈ।

ਜੇਕਰ ਇਸ ਦਾ ਨਾਕਰਾਤਮਿਕ ਪੱਖ ਬਾਰੇ ਚਰਚਾ ਕਰੀਏ ਤਾਂ ਇਸ ਵਿੱਚ ਸੋਸ਼ਲ ਮੀਡੀਆ ਦੀ ਲਤ, ਗੁੰਮਰਾਹਕੁੰਨ ਇਸ਼ਤਿਹਾਰ, ਸਾਈਬਰ ਅਪਰਾਧ, ਜਾਅਲੀ ਖ਼ਬਰਾਂ, ਜਾਅਲੀ ਖਾਤੇ, ਧੋਖਾਧੜੀ ਅਤੇ ਭੱਦੀਆ ਟਿੱਪਣੀਆਂ ਆਦਿ ਮੁੱਖ ਹਨ। ਸੂਚਨਾਵਾਂ ਜਾਂ ਜਾਣਕਾਰੀਆਂ ਦੇ ਇਸ ਅਥਾਹ ਸਮੁੰਦਰ ਵਿੱਚ ਸੱਚੀਆਂ ਖਬਰਾਂ ਝੂਠੀਆਂ ਅਤੇ ਝੂਠੀਆਂ ਖਬਰਾਂ ਸੱਚੀਆਂ ਪ੍ਰਤੀਤ ਹੁੰਦੀਆਂ ਹਨ। ਲਾਈਕ ਅਤੇ ਵਿਊਜ ਲਈ ਬਹੁਤ ਕੁੱਝ ਇਸ ਉਪਰ ਅਜਿਹਾ ਪਰੋਸਿਆ ਜਾ ਰਿਹਾ ਹੈ ਜੋ ਨੈਤਿਕ ਤੌਰ ਤੇ ਸਹੀ ਨਹੀਂ। ਇਸ ਉਪਰ ਮੁੱਲ ਮਿਲਦੇ ਲਾਈਕ, ਵਿਊਜ ਦਾ ਧੰਦਾ ਵੀ ਬੜੇ ਜ਼ੋਰ ਸ਼ੋਰ ਨਾਲ ਚੱਲ ਰਿਹਾ ਹੈ। ਸਭ ਤੋਂ ਵੱਧ ਚਿੰਤਾ ਦਾ ਵਿਸ਼ਾ ਇਹ ਹੈ ਕਿ ਇਸ ਵਿੱਚ ਬੋਧਿਕਤਾ ਦਾ ਜੋ ਦੀਵਾਲੀਆਪਨ ਵੇਖਣ ਨੂੰ ਮਿਲ ਰਿਹਾ ਹੈ, ਆਨਲਾਈਨ ਗਿਰਝਾਂ ਰੂਪੀ ਅੰਨ੍ਹੇ ਭਗਤ ਗੰਦੀਆਂ ਅਸਭਿਅਕ ਟਿੱਪਣੀਆਂ ਰਾਹੀ ਵਿਰੋਧੀ ਵਿਚਾਰਾਂ ਵਾਲੇ ਇਨਸਾਨਾਂ ਦੀ ਨੋਚ-ਨੋਚ ਕੇ ਕਿਰਦਾਰਕੁਸ਼ੀ ਕਰਦੇ ਅਕਸਰ ਵੇਖੇ ਜਾ ਸਕਦੇ ਹਨ। ਪਿਛੇ ਜਿਹੇ ਆਈ. ਪੀ. ਐਲ. ਦੇ ਇਕ ਖਿਡਾਰੀ ਅਤੇ ਉਸ ਦੀ ਭੈਣ ਨੂੰ ਇਕ ਟੀਮ ਦੇ ਅਖੋਤੀ ਪ੍ਰਸੰਸਕਾਂ ਵਲੋਂ ਸਿਰਫ਼ ਇਸ ਕਰਕੇ ਨਿਸ਼ਾਨਾ ਬਣਾਇਆ ਗਿਆ

ਚੱਲਦਾ ਪੰਨਾ.....

ਕਿਉਂਕਿ ਉਸ ਨੇ ਉਨ੍ਹਾਂ ਦੀ ਚਹੇਤੀ ਟੀਮ ਨੂੰ ਹਰਾਉਣ ਵਿੱਚ ਮੁੱਖ ਭੂਮਿਕਾ ਨਿਭਾਈ ਸੀ।

ਸੋਸ਼ਲ ਮੀਡੀਆ ਪਲੇਟਫਾਰਮ 'ਤੇ ਅਣ-ਪ੍ਰਮਾਣਿਤ ਇਸ਼ਤਿਹਾਰ, ਤਸਵੀਰਾਂ, ਨਫ਼ਰਤ ਭਰੇ ਭਾਸ਼ਣ ਅਤੇ ਜਾਅਲੀ ਖ਼ਬਰਾਂ ਲੰਬੇ ਸਮੇਂ ਤੋਂ ਚੁਣੌਤੀ ਬਣ ਰਹੀਆਂ ਹਨ। ਅੱਜ ਜਦੋਂ ਦੁਨੀਆਂ ਇਕ ਨਿੱਕਾ ਜਿਹਾ ਈ-ਪਿੰਡ ਬਣ ਗਈ ਹੈ ਤਾਂ ਇਸ ਬਾਰੇ ਵਿਚਾਰਨਾ ਹੋਰ ਵੀ ਜਰੂਰੀ ਹੋ ਜਾਂਦਾ ਹੈ ਕਿ ਜੋ ਅਸੀ ਸ਼ੇਅਰ ਜਾਂ ਫਾਰਵਰਡ ਕਰ ਰਹੇ ਹਾਂ ਕਿ ਉਹ ਤੱਥਾਂ ਅਨੁਸਾਰ ਸਹੀ ਵੀ ਹੈ ਕਿ ਸਿਰਫ਼ ਅਫਵਾਹਾਂ ਦਾ ਮੱਕੜ ਜਾਲ। ਇਸ ਸਾਲ ਫਰਵਰੀ ਮਹੀਨੇ ਤਾਮਿਲਨਾਡੂ ਵਿੱਚ 'ਬਿਹਾਰੀ ਪ੍ਰਵਾਸੀ ਮਜ਼ਦੂਰਾਂ' 'ਤੇ ਹਮਲਾ ਕਰਨ ਦਾ ਦਾਅਵਾ ਕਰਨ ਵਾਲੀਆਂ ਕਈ ਸੋਸ਼ਲ ਮੀਡੀਆ ਪੋਸਟਾਂ ਨੇ ਦੋਵਾਂ ਰਾਜਾਂ ਵਿੱਚ ਦਹਿਸ਼ਤ ਪੈਦਾ ਕਰ ਦਿੱਤੀ ਸੀ। ਪਿਛਲੇ ਮਹੀਨੇ ਮਈ ਵਿੱਚ ਵੀ ਮਲੀਆਲਮ ਫਿਲਮ 'ਲਾਇਵ' ਰਾਹੀ ਵੀ ਦਰਸ਼ਕਾਂ ਸਾਹਮਣੇ ਜਾਅਲੀ ਖ਼ਬਰਾਂ ਅਤੇ ਸਮਾਜ ਵਿੱਚ ਆ ਰਹੀ ਨੈਤਿਕ ਗਿਰਾਵਟ ਦੇ ਪਹਿਲੂਆਂ ਨੂੰ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਵਰਤੋਂਕਾਰਾਂ ਦੀ ਨਿੱਜਤਾ ਅਤੇ ਧੋਖਾਧੜੀ ਦੇ ਪੱਖ ਤੋਂ ਸਾਰਥਕ ਕਾਨੂੰਨਾ ਦੀ ਲੋੜ ਵੀ ਹੈ। ਆਈ.ਟੀ ਨਿਯਮਾਂ ਦੇ ਨਵੇਂ ਸੋਧ ਮੁਤਾਬਕ ਟਵਿੱਟਰ ਅਤੇ ਫੇਸਬੁੱਕ ਵਰਗੀਆਂ ਸੋਸ਼ਲ ਮੀਡੀਆ ਕੰਪਨੀਆਂ ਨੂੰ ਛੇਤੀ ਹੀ ਭਾਰਤ ਸਰਕਾਰ ਦੀ ਪ੍ਰਸਤਾਵਿਤ ਫੈਕਟ ਚੈਕ ਯੂਨਿਟ ਦੁਆਰਾ ਗਲਤ ਜਾਣਕਾਰੀ ਵਜੋਂ ਫਲੈਗ ਕੀਤੇ ਆਪਣੇ ਪਲੇਟਫਾਰਮਾਂ 'ਤੇ ਸਮੱਗਰੀ ਲਈ ਕਾਨੂੰਨੀ ਜ਼ਿੰਮੇਵਾਰੀ ਚੁੱਕਣੀ ਪਵੇਗੀ। ਇਹ ਪਲੇਟਫਾਰਮ ਪੋਸਟ ਕਰਨ ਵਾਲੇ ਉਪਭੋਗਤਾ ਨੂੰ ਨਿਸ਼ਾਨਬੱਧ ਸਮੱਗਰੀ ਨੂੰ ਹਟਾਉਣ ਲਈ ਚੇਤਾਵਨੀ ਦੇਣ ਲਈ ਆਪਣੀ ਖੁਦ ਦੀ ਵਿਧੀ ਵਿਕਸਿਤ ਕਰ ਸਕਦੇ ਹਨ ਜਾਂ ਸੁਧਾਰਾਂ ਦੀ ਸਿਫ਼ਾਰਸ਼ ਕਰ ਸਕਦੇ ਹਨ, ਪਰ ਉਹਨਾਂ ਨੂੰ ਆਖਰਕਾਰ ਕਾਨੂੰਨੀ ਕਾਰਵਾਈ ਤੋਂ ਬਚਣ ਲਈ ਇਸ ਨੂੰ ਹਟਾਉਣਾ ਪਵੇਗਾ।

ਇਸ ਦਾ ਦੂਜਾ ਪੱਖ ਇਹ ਵੀ ਹੈ ਕਿ ਬਿਜਲ ਸੱਥ ਨੂੰ ਵਿਚਾਰਾਂ ਦੇ ਪ੍ਰਗਟਾਵੇ ਦਾ ਪ੍ਰਮੁੱਖ ਸਾਧਨ ਮੰਨਿਆ ਜਾਂਦਾ ਹੈ ਲੇਕਿਨ ਪਿਛਲੇ ਕੁੱਝ ਸਾਲਾਂ ਤੋਂ ਅਜਿਹੇ ਇਲਜ਼ਾਮ ਵੀ ਲੱਗ ਰਹੇ ਹਨ ਕਿ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਦੇ ਵਿਰੋਧੀ ਵਿਚਾਰਾਂ ਨੂੰ ਦਬਾਉਣ ਦਾ ਯਤਨ ਕੀਤਾ ਜਾ ਰਿਹਾ ਹੈ। ਕੋਈ ਵੀ ਸਰਕਾਰ ਆਪਣੇ ਵਿਰੋਧੀ ਵਿਚਾਰਾਂ ਨੂੰ ਨਾ ਹੀ ਸੁਣਨਾ ਚਾਹੁੰਦੀ ਹੈ ਅਤੇ ਨਾ ਹੀ ਉਨ੍ਹਾਂ ਨੂੰ ਆਵਾਮ ਤੱਕ ਪਹੁੰਚਣ ਦੇਣਾ ਚਾਹੁੰਦੀ ਹੈ ਸ਼ਾਇਦ ਇਸ ਕਰਕੇ ਇੰਟਰਨੈੱਟ ਪਾਬੰਦੀ, ਖਾਤਿਆਂ ਉਪਰ ਪਾਬੰਦੀ ਅਤੇ ਰੋਕਾਂ ਅਕਸਰ ਵੇਖਣ-ਸੁਣਨ ਨੂੰ ਮਿਲਦੀਆਂ ਰਹਿੰਦੀਆਂ ਹਨ। ਇਸ ਹੀ ਸੰਦਰਭ ਵਿੱਚ ਇਕ ਤਾਜ਼ਾ ਯੂਟਿਊਬ ਸ਼ੋਅ ਬ੍ਰੇਕਿੰਗ ਪੁਆਇੰਟਸ ਨੂੰ ਇੰਟਰਵਿਊ ਦੌਰਾਨ ਟਵਿੱਟਰ ਦੇ ਸਹਿ-ਸੰਸਥਾਪਕ ਅਤੇ ਸਾਬਕਾ ਸੀਈਓ ਜੈਕ ਡੋਰਸੀ ਦੇ ਅਨੁਸਾਰ, ਕੇਂਦਰ ਸਰਕਾਰ ਤੇ ਦੋਸ਼ ਲਾਉਂਦੇ ਕਿਹਾ ਕਿ ਮਾਈਕ੍ਰੋ-ਬਲੌਗਿੰਗ ਸਾਈਟ ਨੂੰ ਬੰਦ ਕਰਨ ਦੀ ਧਮਕੀ ਦਿੱਤੀ ਸੀ

ਚੱਲਦਾ ਪੰਨਾ.....

ਜੇਕਰ ਉਹ 2020-21 ਦੇ ਕਿਸਾਨਾਂ ਦੇ ਪ੍ਰਦਰਸ਼ਨ ਨਾਲ ਸਬੰਧਤ ਖਾਤਿਆਂ ਅਤੇ ਨੂੰ ਸੀਮਤ ਕਰਨ ਦੇ ਸਰਕਾਰ ਦੇ ਆਦੇਸ਼ਾਂ ਦੀ ਪਾਲਣਾ ਨਹੀਂ ਕਰਦੇ, ਉਹ ਦੂਜੀ ਗੱਲ ਹੈ ਕਿ ਸਰਕਾਰ ਨੇ ਡੋਰਸੀ ਦੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ।

ਅਜਿਹੇ ਦੋਸ਼ ਵੀ ਸੋਸ਼ਲ ਮੀਡੀਆ ਉਪਰ ਲੱਗ ਰਹੇ ਹਨ ਕਿ ਇਸ ਪਲੇਟਫਾਰਮ ਨੂੰ ਅਵਾਮ ਦੀਆਂ ਧਾਰਨਾਵਾਂ ਬਦਲਣ ਲਈ ਵੀ ਵਰਤਿਆ ਜਾਂ ਰਿਹਾ ਹੈ। ਇਸ ਦੇ ਬਣਾਏ ਗਏ ਅਲੋਗਰਿਦਮ ਤੁਹਾਡੀ ਹਰ ਨਿੱਕੀ ਤੋਂ ਨਿੱਕੀ ਹਲਚਲ ਨੂੰ ਨੋਟ ਕਰਦੇ ਹਨ ਮਸਲਨ ਤੁਸੀਂ ਕਿਸ ਤਰ੍ਹਾਂ ਦੀ ਜਾਣਕਾਰੀ ਲੱਭਦੇ ਹੋ, ਕਿਸ ਤਰ੍ਹਾਂ ਦੇ ਸਫੇ ਪਸੰਦ ਕਰਦੇ ਹੋ, ਤੁਹਾਡਾ ਮਿੱਤਰਤਾ ਸੂਚੀ, ਤੁਹਾਡੇ ਵਲੋਂ ਸਾਝਾਂ ਕੀਤੀਆਂ ਪੋਸਟਾਂ ਅਤੇ ਕਿਸੇ ਖਾਸ ਮੁੱਦੇ ਤੇ ਟਿੱਪਣੀਆਂ ਸਭ ਕੁੱਝ ਉਪਰ ਗੁਪਤ ਨਜ਼ਰ ਰੱਖੀ ਜਾ ਰਹੀ ਹੈ। ਕਈ ਦੇਸ਼ਾਂ ਵਿੱਚ ਵੱਖ-ਵੱਖ ਸੋਸ਼ਲ ਮੀਡੀਆ ਪਲੇਟਫ਼ਾਰਮ ਉਪਰ ਪਾਬੰਦੀ ਵੀ ਲਗਾਈ ਗਈ ਹੈ। ਇਹ ਯਾਦ ਰੱਖਣਾ ਮਹੱਤਵਪੂਰਨ ਹੈ ਕਿ ਸੋਸ਼ਲ ਮੀਡੀਆ ਕਦੇ ਵੀ ਅਸਲ-ਸੰਸਾਰ ਮਨੁੱਖੀ ਸਾਂਝ ਦਾ ਬਦਲ ਨਹੀਂ ਹੋ ਸਕਦਾ। ਵੱਖ- ਵੱਖ ਅਧਿਐਨਾ ਵਿੱਚ ਪਾਇਆ ਗਿਆ ਹੈ ਕਿ ਸੋਸ਼ਲ ਮੀਡੀਆ ਦੀ ਲਤ ਨਾਲ ਤੁਹਾਡੀ ਸਰੀਰਕ ਅਤੇ ਮਾਨਸਿਕ ਸਿਹਤ ਉੱਪਰ ਕੁੱਝ ਗੰਭੀਰ ਪ੍ਰਭਾਵ ਹੋ ਸਕਦੇ ਹਨ: ਸਵੈਮਾਣ ਵਿੱਚ ਕਮੀ, ਚਿੰਤਾ, ਉਦਾਸੀ, ਇੱਕਲਤਾ, ਨੀਂਦ ਵਿੱਚ ਵਿਘਨ, ਖਾਣ-ਪੀਣ ਦੀਆਂ ਆਦਤਾਂ ਵਿੱਚ ਗਿਰਾਵਟ ਆਦਿ। 'ਡਿਜੀਟਲ ਡੀਟੌਕਸ' ਉਸ ਸਮੇਂ ਦੀ ਮਿਆਦ ਨੂੰ ਦਰਸਾਉਂਦਾ ਹੈ ਜਦੋਂ ਕੋਈ ਵਿਅਕਤੀ ਸਵੈ-ਇੱਛਾ ਨਾਲ ਡਿਜੀਟਲ ਉਪਕਰਨਾਂ ਜਿਵੇਂ ਸਮਾਰਟ ਫੋਨ, ਕੰਪਿਊਟਰ, ਸੋਸ਼ਲ ਮੀਡੀਆ ਪਲੇਟਫਾਰਮ ਦੀ ਵਰਤੋਂ ਕਰਨ ਤੋਂ ਗੁਰੇਜ ਕਰਦਾ ਹੈ, ਇਸ ਦਾ ਹਰਗਿਜ ਮਤਲਬ ਨਹੀਂ ਕਿ ਪੂਰੀ ਤਰ੍ਹਾਂ ਸੋਸ਼ਲ ਮੀਡੀਆ ਦਾ ਤਿਆਗ ਕਰ ਦਿਓ ਬਲਕਿ ਕੁੱਝ ਸਮਾਂ ਇਸ ਤੋਂ ਬਿਨਾਂ ਪੂਰਨ ਰੂਪ ਵਿੱਚ ਗੁਜਾਰਨਾ। ਇਸ ਨੂੰ ਈ-ਫਾਸਟਿੰਗ ਦਾ ਵੀ ਨਾਮ ਦਿੱਤਾ ਜਾਂਦਾ ਹੈ। ਘੱਟੇ-ਘੱਟ ਹਫ਼ਤੇ ਵਿੱਚ ਇਕ ਦਿਨ ਸਾਨੂੰ ਅਜਿਹਾ ਕਰਨਾ ਚਾਹੀਦਾ ਹੈ ਮਸਲਨ ਐਤਵਾਰ ਛੁੱਟੀ ਵਾਲੇ ਦਿਨ। ਸਵੇਰੇ ਉੱਠਣ ਤੋਂ ਇਕ ਘੰਟਾ ਬਾਅਦ ਅਤੇ ਰਾਤ ਨੂੰ ਸੌਣ ਤੋਂ ਇੱਕ ਘੰਟਾ ਪਹਿਲਾਂ ਤੱਕ ਹੀ ਬਿਜਲ ਸੱਥ ਦੀ ਵਰਤੋਂ ਕੀਤੀ ਜਾਵੇ।

ਲੇਕਿਨ ਇਸ ਸਭ ਦੇ ਬਾਵਜੂਦ ਇਸ ਦਾ ਜਾਦੂ ਬਰਕਰਾਰ ਹੈ, ਹਾਲ ਹੀ ਦੇ ਸਾਲਾਂ ਵਿੱਚ, ਸੋਸ਼ਲ ਮੀਡੀਆ ਕਾਰੋਬਾਰਾਂ ਅਤੇ ਸੰਸਥਾਵਾਂ ਲਈ ਇੱਕ ਮਹੱਤਵਪੂਰਨ ਸਾਧਨ ਬਣ ਗਿਆ ਹੈ, ਜੋ ਆਨਲਾਈਨ ਸੰਚਾਰ, ਗਾਹਕਾਂ ਦੀ ਸ਼ਮੂਲੀਅਤ, ਅਤੇ ਡਿਜੀਟਲ ਮਾਰਕੀਟਿੰਗ ਲਈ ਨਵੇਂ ਮੌਕੇ ਪ੍ਰਦਾਨ ਕਰਦਾ ਹੈ। ਸਿੱਖਿਆ ਦੇ ਖੇਤਰ ਵਿੱਚ ਵਿਦਿਆਰਥੀ ਇਸ ਦਾ ਬਹੁਪੱਖੀ ਫਾਇਦਾ ਉਠਾ ਰਹੇ ਹਨ। ਸੋ ਸਾਨੂੰ ਸਭ ਨੂੰ ਇਸ ਦੀ ਸਕਾਰਾਤਮਕ ਵਰਤੋਂ ਨੂੰ ਤਰਜੀਹ ਦੇਣੀ ਚਾਹੀਦੀ ਹੈ।

ਚੱਲਦਾ ਪੰਨਾ.....

ਇਹ ਸਾਡੇ ਲਈ ਹੈ ਨਾ ਕਿ ਅਸੀਂ ਇਸ ਲਈ, ਇਹੀ ਜਿੰਦਗੀ ਨਹੀਂ, ਸੋ ਇਸ ਦੀ ਲੋੜ ਅਨੁਸਾਰ ਵਰਤੋਂ ਹੀ ਕਰਨੀ ਚਾਹੀਦੀ ਹੈ, ਅਜਿਹਾ ਨਾ ਹੋਵੇ ਕਿ ਨਸ਼ਾ ਛੁਡਾਊ ਕੇਂਦਰ ਦੀ ਤਰ੍ਹਾਂ ਇਸ ਦੀ ਲਤ ਛਡਾਉਣ ਲਈ ਵੀ ਕੇਂਦਰ ਖੋਲਣੇ ਪੈ ਜਾਣ। ਸੋਸ਼ਲ ਮੀਡੀਆ ਦਾ ਇਸੇਤਾਮਲ ਕਿਵੇਂ ਕੀਤਾ ਜਾਵੇ ਇਸ ਲਈ ਸਕੂਲ ਵਿੱਚ ਪੜ੍ਹਾਈ ਹੋਣੀ ਚਾਹੀਦੀ ਹੈ। ਸੋ ਇਸ ਦੇ ਰੰਗ ਮਾਣੋ ਪਰੰਤੂ ਸਾਵਧਾਨੀ ਨਾਲ.....!


ਜਗਜੀਤ ਸਿੰਘ
ਕੰਪਿਊਟਰ ਫੈਕਲਟੀ
ਸ. ਹ. ਸ. ਲਕਸੀਹਾਂ
ਹੁਸ਼ਿਆਰਪੁਰ

## Cyberbullying (ਸਾਇਬਰਬੁਲਿੰਗ)



ਸਮੇਂ ਦੇ ਨਾਲ ਟੈਕਨੋਲੋਜੀ ਨੇ ਤਰੱਕੀ ਕੀਤੀ ਹੈ ਅਤੇ ਇੰਟਰਨੈਟ ਨੇ ਲੋਕਾਂ ਦੇ ਜੀਵਨ ਦੇ ਹਰ ਪਹਿਲੂ, ਖਾਸ ਤੌਰ 'ਤੇ ਬੱਚਿਆਂ ਨੂੰ ਕਾਫ਼ੀ ਪ੍ਰਭਾਵਿਤ ਕੀਤਾ ਹੈ। ਬਾਲ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਦੀ ਕਨਵੈਨਸ਼ਨ ਦੇ ਆਰਟੀਕਲ-1 ਅਨੁਸਾਰ "ਇੱਕ ਬੱਚਾ ਅਠਾਰਾਂ ਸਾਲ ਤੋਂ ਘੱਟ ਉਮਰ ਦਾ ਕੋਈ ਵੀ ਵਿਅਕਤੀ ਹੁੰਦਾ ਹੈ, ਜਦੋਂ ਤੱਕ ਕਿ ਕੋਈ ਵੀ ਕਾਨੂੰਨ ਅਠਾਰਾਂ ਸਾਲ ਤੋਂ ਘੱਟ ਉਮਰ ਦੇ ਬੱਚੇ 'ਤੇ ਲਾਗੂ ਨਹੀਂ ਹੁੰਦਾ"। ਇਲੈਕਟ੍ਰਾਨਿਕ ਸੰਚਾਰ, ਜਿਵੇਂ ਕਿ ਈਮੇਲ, ਸੋਸ਼ਲ ਮੀਡੀਆ ਪਲੇਟਫਾਰਮ, ਆਦਿ ਨੇ ਬੱਚਿਆਂ ਦੇ ਜੀਵਨ ਨੂੰ ਪ੍ਰਭਾਵਿਤ ਕੀਤਾ ਹੈ ਅਤੇ ਉਹ ਆਪਣੇ ਵਿਚਾਰਾਂ, ਫੋਟੋਆਂ, ਵੀਡੀਓਜ਼, ਨਿੱਜੀ ਜਾਣਕਾਰੀ ਆਦਿ ਨੂੰ ਸਾਂਝਾ ਕਰਨ ਲਈ ਇੰਟਰਨੈਟ ਸਾਈਟਾਂ ਦੀ ਵਰਤੋਂ ਕਰਦੇ ਹਨ। ਇਸ ਤਰ੍ਹਾਂ, ਇਹ ਬਚਿਆਂ ਦੀ ਆਬਾਦੀ ਸਾਈਬਰਸਪੇਸ ਵਿੱਚ ਅਪਰਾਧਾਂ ਲਈ ਕਮਜ਼ੋਰ ਅਤੇ ਖ਼ਤਰੇ 'ਤੇ ਹੈ।

ਸਾਈਬਰਬੁਲਿੰਗ, ਇੱਕ ਸਾਈਬਰ ਕ੍ਰਾਈਮ ਹੈ ਜੋ ਰਵਾਇਤੀ ਅਪਰਾਧ ਨਾਲੋਂ ਜ਼ਿਆਦਾ ਖਤਰਨਾਕ ਹੈ। ਇਸ ਕਿਸਮ ਦੀ ਧੱਕੇਸ਼ਾਹੀ ਇੱਕ ਜਾਣਬੁੱਝ ਕੇ ਕੀਤੀ ਜਾਂਦੀ ਹੈ ਜੋ ਇੰਟਰਨੈਟ ਜਾਂ ਇਲੈਕਟ੍ਰਾਨਿਕ ਡਿਵਾਈਸ ਦੁਆਰਾ ਕਿਸੇ ਦੀ ਸਾਖ ਨੂੰ ਨੁਕਸਾਨ ਪਹੁੰਚਾਉਣ ਲਈ ਕਿਸੇ ਬਾਰੇ ਗਲਤ ਜਾਂ ਅਪਮਾਨਜਨਕ ਜਾਣਕਾਰੀ ਪੋਸਟ ਕਰਕੇ ਜਾਂ ਭੇਜ ਕੇ ਹੁੰਦੀ ਹੈ। ਇਹ ਉਮਰ, ਲਿੰਗ, ਯੋਗਤਾ, ਨਸਲ ਆਦਿ ਦੀ ਪਰਵਾਹ ਕੀਤੇ ਬਿਨਾਂ ਬੱਚਿਆਂ ਨੂੰ ਪ੍ਰਭਾਵਿਤ ਕਰ ਸਕਦਾ ਹੈ। ਹਾਲ ਹੀ ਵਿੱਚ, ਇਹ ਭਾਰਤ ਵਿੱਚ ਵਿਆਪਕ ਸਮੱਸਿਆਵਾਂ ਵਿੱਚੋਂ ਇੱਕ ਬਣ ਗਿਆ ਹੈ।

ਸਾਈਬਰਬੁਲਿੰਗ ਦੀਆਂ ਕਿਸਮਾਂ ਵਿੱਚ ਫਲੇਮਿੰਗ, ਔਨਲਾਈਨ ਪਰੇਸ਼ਾਨੀ, ਸਾਈਬਰ ਸਟਾਕਿੰਗ, ਨਿੰਦਿਆ, ਟ੍ਰੋਲਿੰਗ, ਆਦਿ ਸ਼ਾਮਲ ਹਨ।

ਚੱਲਦਾ ਪੰਨਾ.....

ਸਾਈਬਰਬੁਲਿੰਗ ਵਿੱਚ ਉਨ੍ਹਾਂ ਨਾਲੋਂ ਕਮਜ਼ੋਰ ਜਾਂ ਵਧੇਰੇ ਕਮਜ਼ੋਰ ਲੋਕਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ ਜਿਸ ਦਾ ਉਦੇਸ਼ ਧਮਕਾਉਣਾ, ਪਰੇਸ਼ਾਨ ਕਰਨਾ ਜਾਂ ਸ਼ਰਮਿੰਦਾ ਕਰਨਾ ਹੁੰਦਾ ਹੈ। ਬਹੁਤ ਸਾਰੇ ਬੱਚੇ ਕਈ ਕਾਰਨਾਂ ਕਰਕੇ ਅਜਿਹੀ ਸਾਈਬਰ ਧੱਕੇਸ਼ਾਹੀ ਦਾ ਸ਼ਿਕਾਰ ਹੋ ਜਾਂਦੇ ਹਨ ਜਾਂ ਸ਼ਿਕਾਰ ਹੋ ਜਾਂਦੇ ਹਨ, ਜਿਵੇਂ ਕਿ - ਆਪਣੇ ਸਮੂਹਾਂ ਵਿੱਚ ਸਵੀਕਾਰ ਕਰਨ ਦਾ ਹਾਣੀਆਂ ਦਾ ਦਬਾਅ, ਪਰਿਵਾਰਾਂ ਦੀ ਨਿਗਰਾਨੀ ਅਤੇ ਦਖਲਅੰਦਾਜ਼ੀ ਦੀ ਘਾਟ, ਹਮਦਰਦੀ ਦੀ ਘਾਟ, ਬਦਲੇ ਦੀ ਸੋਚ, ਵਿਸ਼ਵਾਸ, ਲਿੰਗ, ਨਸਲ, ਰੰਗ, ਗੁੱਸੇ ਅਤੇ ਈਰਖਾ ਦੇ ਮੁੱਦਿਆਂ ਬਾਰੇ ਅਸਹਿਣਸ਼ੀਲਤਾ ਅਤੇ ਰਿਸ਼ਤੇ ਦੀਆਂ ਸਮੱਸਿਆਵਾਂ ਆਦਿ।

- ਬੱਚਿਆਂ 'ਤੇ ਸਾਈਬਰਬੁਲਿੰਗ ਦੇ ਪ੍ਰਭਾਵ।

ਸਾਈਬਰਬੁਲਿੰਗ ਅਜਿਹੇ ਇਲੈਕਟ੍ਰਾਨਿਕ ਪਲੇਟਫਾਰਮਾਂ 'ਤੇ ਅਜਿਹੇ ਅਪਮਾਨ ਦਾ ਸਾਹਮਣਾ ਕਰਨ ਲਈ ਪੀੜਤ ਨੂੰ ਭਾਵਨਾਤਮਕ ਤਣਾਅ ਪ੍ਰਦਾਨ ਕਰਦੀ ਹੈ।




ਸਾਈਬਰ ਧੱਕੇਸ਼ਾਹੀ ਇੱਕ ਦੁਖਦਾਈ ਅਨੁਭਵ ਹੈ ਜੋ ਬੱਚਿਆਂ ਨੂੰ ਅਕਾਦਮਿਕ, ਸਮਾਜਿਕ ਅਤੇ ਗਤੀਸ਼ੀਲ ਤੌਰ 'ਤੇ ਪ੍ਰਭਾਵਿਤ ਕਰਦਾ ਹੈ। ਪੀੜਤਾਂ ਦਾ ਤਣਾਅ ਅਤੇ ਤਣਾਅ ਉਨ੍ਹਾਂ ਨੂੰ ਨਸ਼ੇ ਲੈਣ, ਸਕੂਲ ਜਾਣ ਅਤੇ ਘਰੋਂ ਭੱਜਣ ਵੱਲ ਲੈ ਜਾਂਦਾ ਹੈ। ਸਾਈਬਰਬੁਲਿੰਗ ਮਨੋਵਿਗਿਆਨਕ ਪ੍ਰਭਾਵਾਂ ਜਿਵੇਂ ਡਿਪਰੈਸ਼ਨ, ਆਤਮਘਾਤੀ ਪ੍ਰਵਿਰਤੀਆਂ ਅਤੇ ਘੱਟ ਸਵੈ-ਮਾਣ ਵੱਲ ਲੈ ਜਾਂਦੀ ਹੈ। ਬੱਚਿਆਂ ਦੇ ਜੀਵਨ ਵਿੱਚ ਸਭ ਤੋਂ ਮਹੱਤਵਪੂਰਨ ਮਹੱਤਵ ਵਿੱਚੋਂ ਇੱਕ ਹੈ ਪੀਅਰ ਸਵੀਕ੍ਰਿਤੀ। ਨਤੀਜੇ ਵਜੋਂ, ਜਦੋਂ ਅਜਿਹੇ ਸਾਥੀ ਉਹਨਾਂ ਨੂੰ ਸ਼ਾਮਲ ਨਹੀਂ ਕਰਦੇ ਹਨ ਅਤੇ ਉਹਨਾਂ ਨੂੰ ਬੁਲਿੰਗ ਕਰਦੇ ਹਨ, ਤਾਂ ਇਹ ਭਾਵਨਾਤਮਕ ਤਣਾਅ, ਨਿਰਾਸ਼ਾ, ਗੁੱਸਾ ਅਤੇ ਈਰਖਾ ਵਰਗੇ ਪ੍ਰਭਾਵ ਪੀੜਤ 'ਤੇ ਨਕਾਰਾਤਮਕ ਪ੍ਰਭਾਵ ਪਾਉਂਦੇ ਹਨ। ਇਸ ਕਾਰਨ ਕਰਕੇ, ਬੁਲਿੰਗ ਪੀੜਤ, ਇਸ ਵਿੱਚ ਸ਼ਾਮਲ ਲੋਕਾਂ ਅਤੇ ਵੱਡੇ ਪੱਧਰ 'ਤੇ ਸਮਾਜ ਲਈ ਸਥਾਈ ਨਤੀਜਿਆਂ ਨਾਲ ਇੱਕ ਪਰੇਸ਼ਾਨੀ ਹੈ।

ਚੱਲਦਾ ਪੰਨਾ.....

ਭਾਰਤ ਵਿੱਚ ਸਾਈਬਰ ਕ੍ਰਾਈਮ ਨੂੰ ਨਿਯੰਤਰਿਤ ਕਰਨ ਲਈ ਕਾਨੂੰਨ

ਇਨਫਰਮੇਸ਼ਨ ਟੈਕਨਾਲੋਜੀ (ਆਈ.ਟੀ.) ਐਕਟ, 2000 ਹੈ। ਇੰਡੀਅਨ ਪੀਨਲ ਕੋਡ, 1860 (ਆਈ.ਪੀ.ਸੀ.) ਦੇ ਉਪਬੰਧ ਵੀ ਸਾਈਬਰ ਅਪਰਾਧਾਂ ਲਈ ਸਜ਼ਾ ਦਿੰਦੇ ਹਨ। ਬੱਚਿਆਂ ਦੇ ਵਿਰੁੱਧ ਅਪਰਾਧਾਂ ਨੂੰ ਸਜ਼ਾ ਦੇਣ ਲਈ ਲਾਗੂ ਕੀਤਾ ਗਿਆ ਵਿਸ਼ੇਸ਼ ਐਕਟ ਜਿਨਸੀ ਅਪਰਾਧਾਂ ਤੋਂ ਬੱਚਿਆਂ ਦੀ ਸੁਰੱਖਿਆ (POCSO) ਐਕਟ, 2012 ਹੈ। ਜਿਨਸੀ ਅਪਰਾਧਾਂ ਤੋਂ ਬੱਚਿਆਂ ਦੀ ਸੁਰੱਖਿਆ ਐਕਟ (POCSO) 2012, ਬੱਚਿਆਂ ਵਿਰੁੱਧ ਸਾਈਬਰ ਅਪਰਾਧਾਂ ਨੂੰ ਸਜ਼ਾ ਦੇਣ ਲਈ ਧਾਰਾ 11 ਬੱਚਿਆਂ ਵਿਰੁੱਧ ਜਿਨਸੀ ਸ਼ੋਸ਼ਣ ਨਾਲ ਨਜਿੱਠਦੀ ਹੈ, ਧਾਰਾ 12 ਜਿਨਸੀ ਸ਼ੋਸ਼ਣ ਲਈ ਸਜ਼ਾ ਪ੍ਰਦਾਨ ਕਰਦੀ ਹੈ, ਧਾਰਾ 13 ਅਸ਼ਲੀਲ ਉਦੇਸ਼ਾਂ ਲਈ ਬੱਚੇ ਦੀ ਵਰਤੋਂ ਨਾਲ ਸੰਬੰਧਿਤ ਹੈ, ਧਾਰਾ 14 ਬੱਚੇ ਨੂੰ ਅਸ਼ਲੀਲ ਉਦੇਸ਼ਾਂ ਲਈ ਵਰਤਣ ਲਈ ਸਜ਼ਾ ਪ੍ਰਦਾਨ ਕਰਦੀ ਹੈ।

ਭਾਰਤੀ ਦ੍ਰਿਸ਼ ਵਿੱਚ ਸਾਈਬਰਬੁਲਿੰਗ ਦੀਆਂ ਕੁਝ ਘਟਨਾਵਾਂ ਅਤੇ ਮਾਮਲੇ ਵਿੱਚ: ਪ੍ਰਾਖਰ ਸ਼ਰਮਾ ਬਨਾਮ ਮੱਧ ਪ੍ਰਦੇਸ਼ ਰਾਜ, 2018 ਦੇ ਕੇਸ ਵਿੱਚ, ਦੋਸ਼ੀ ਨੂੰ ਆਈ.ਟੀ. ਐਕਟ ਦੀ ਧਾਰਾ 66 ਸੀ ਅਤੇ 67/67 ਏ ਦੇ ਤਹਿਤ ਦੋਸ਼ ਲਗਾਇਆ ਗਿਆ ਸੀ। ਉਸ ਨੇ ਫੇਸਬੁੱਕ ਤੋਂ ਪੀੜਤਾ ਦੀ ਫੋਟੋ ਡਾਊਨਲੋਡ ਕੀਤੀ ਅਤੇ ਉਸ ਦੀਆਂ ਤਸਵੀਰਾਂ ਫਰਜ਼ੀ ਫੇਸਬੁੱਕ ਅਕਾਊਂਟ ਨਾਲ ਅਪਲੋਡ ਕਰ ਦਿੱਤੀਆਂ। ਹਾਲ ਹੀ ਵਿੱਚ, ਦਿੱਲੀ ਪੁਲਿਸ ਨੇ 2020 ਵਿੱਚ 'ਬੁਆਇਜ਼ ਲਾਕਰ ਰੂਮ' ਨਾਲ ਜੁੜੇ ਮੁੰਡਿਆਂ ਨੂੰ ਗ੍ਰਿਫਤਾਰ ਕੀਤਾ ਸੀ। ਇਹ 'ਬੁਆਇਜ਼ ਲਾਕਰ ਰੂਮ' ਇੱਕ ਇੰਸਟਾਗ੍ਰਾਮ ਗਰੁੱਪ ਸੀ ਜੋ ਨਾਬਾਲਗ ਕੁੜੀਆਂ ਦੀਆਂ ਫੋਟੋਆਂ ਨੂੰ ਸਾਂਝਾ ਕਰਨ ਲਈ ਬਣਾਇਆ ਗਿਆ ਸੀ।

ਸਕੂਲਾਂ ਨੂੰ ਸਾਈਬਰ ਧੱਕੇਸ਼ਾਹੀ ਨੂੰ ਗੰਭੀਰਤਾ ਨਾਲ ਸੰਬੋਧਿਤ ਕਰਨਾ ਚਾਹੀਦਾ ਹੈ, ਕਿਉਂਕਿ ਬੱਚੇ ਅਜਿਹੇ ਅਪਰਾਧ ਲਈ ਵਧੇਰੇ ਕਮਜ਼ੋਰ ਹੁੰਦੇ ਹਨ। ਅਜਿਹੀ ਸਾਈਬਰ ਧੱਕੇਸ਼ਾਹੀ ਦਾ ਪ੍ਰਬੰਧਨ ਉਦੋਂ ਕੀਤਾ ਜਾ ਸਕਦਾ ਹੈ ਜਦੋਂ ਸਕੂਲ ਸਟਾਫ ਨਾਲ ਗਿਆਨ ਸਾਂਝਾ ਕੀਤਾ ਜਾਂਦਾ ਹੈ। ਸਕੂਲਾਂ ਵਿੱਚ, ਅਧਿਆਪਕ ਸਾਈਬਰ ਧੱਕੇਸ਼ਾਹੀ ਦੇ ਪ੍ਰਬੰਧਨ ਵਿੱਚ ਸਭ ਤੋਂ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਨ। ਉਨ੍ਹਾਂ ਨੂੰ ਸੁਰੱਖਿਅਤ ਮਹਿਸੂਸ ਕਰਨ ਲਈ ਵਿਦਿਆਰਥੀਆਂ ਨੂੰ ਸਾਈਬਰ ਸੁਰੱਖਿਆ ਬਾਰੇ ਜਾਗਰੂਕ ਕਰਨਾ ਚਾਹੀਦਾ ਹੈ।

ਚੱਲਦਾ ਪੰਨਾ.....

ਉਹਨਾਂ ਨੂੰ ਇੱਕ ਸਕਾਰਾਤਮਕ ਕਲਾਸਰੂਮ ਵਾਤਾਵਰਨ ਅਤੇ ਵਿਦਿਆਰਥੀਆਂ ਨਾਲ ਸਕਾਰਾਤਮਕ ਸਬੰਧਾਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਉਹਨਾਂ ਨੂੰ ਅਜਿਹੇ ਔਨਲਾਈਨ ਪਲੇਟਫਾਰਮਾਂ ਦੀ ਵਰਤੋਂ ਕਰਨ ਵਿੱਚ ਉਹਨਾਂ ਨੂੰ ਡਿਜੀਟਲ ਸ਼ਿਸ਼ਟਤਾ ਸਿਖਾਉਣੀ ਚਾਹੀਦੀ ਹੈ। ਵਿਦਿਆਰਥੀਆਂ ਨੂੰ ਇਹ ਸਿੱਖਣਾ ਪੈਂਦਾ ਹੈ ਕਿ ਔਨਲਾਈਨ ਗੱਲਬਾਤ ਕਰਨ ਵਿੱਚ ਕਿਵੇਂ ਜ਼ਿੰਮੇਵਾਰ ਹੋਣਾ ਹੈ। ਅਧਿਆਪਕਾਂ ਨੂੰ ਸਾਈਬਰ ਧੱਕੇਸ਼ਾਹੀ ਨੂੰ ਰੋਕਣ ਲਈ ਵਿਦਿਆਰਥੀਆਂ ਨੂੰ ਢੁਕਵੇਂ ਅਤੇ ਲਚਕੀਲੇ ਵਿਹਾਰ ਬਾਰੇ ਸਿੱਖਿਆ ਦੇਣੀ ਚਾਹੀਦੀ ਹੈ। ਸਕੂਲ ਅਧਿਕਾਰੀਆਂ ਨੂੰ ਵਿਦਿਆਰਥੀਆਂ ਦੀਆਂ ਸਾਈਬਰ ਧੱਕੇਸ਼ਾਹੀ ਦੀਆਂ ਸ਼ਿਕਾਇਤਾਂ ਨੂੰ ਕਿਵੇਂ ਨਜਿੱਠਣਾ ਹੈ ਇਸ ਬਾਰੇ ਸਿਖਲਾਈ ਸੰਬੰਧੀ ਨਿਰਦੇਸ਼ ਜਾਰੀ ਕਰਨੇ ਚਾਹੀਦੇ ਹਨ। ਸਕੂਲ ਅਧਿਕਾਰੀਆਂ ਨੂੰ ਸਕੂਲ ਵਿੱਚ ਸਾਈਬਰ ਸੁਰੱਖਿਆ ਲਈ ਪ੍ਰੋਗਰਾਮ ਅਤੇ ਪਾਠਕ੍ਰਮ ਦਾ ਆਯੋਜਨ ਕਰਨਾ ਚਾਹੀਦਾ ਹੈ। ਨਾਲ ਹੀ, ਸਕੂਲ ਵਿਦਿਆਰਥੀਆਂ ਨੂੰ ਸਾਈਬਰ ਖਤਰਿਆਂ ਤੋਂ ਸੁਰੱਖਿਅਤ ਰੱਖਣ ਲਈ ਵਿਦਿਆਰਥੀਆਂ ਦੇ ਪਰਿਵਾਰਾਂ ਨਾਲ ਸਹਿਯੋਗ ਕਰਦੇ ਹਨ। ਸਕੂਲ ਮਾਪਿਆਂ ਨੂੰ ਸਾਈਬਰ ਸੁਰੱਖਿਆ ਬਾਰੇ ਜਾਗਰੂਕਤਾ ਫੈਲਾਉਣ ਲਈ ਕਲਾਸਾਂ ਦੀ ਪੇਸ਼ਕਸ਼ ਵੀ ਕਰ ਸਕਦੇ ਹਨ।

**ਵਿਜੈ ਕੁਮਾਰ**
**ਕੰਪਿਊਟਰ ਫੈਕਲਟੀ**
**ਸਰਕਾਰੀ ਹਾਈ ਸਕੂਲ ਸਾਹਰੀ**
**ਹੁਸ਼ਿਆਰਪੁਰ**

# Cyber Life



*The little mouse is scrolling*
*as the ocean waves are rolling*
*and they beckon me to come down to the sea.*

*The screen before me glowing*
*while outside the flowers growing*
*have a fragrance that is calling out to me.*

*The keyboard keeps me busy*
*at the same time I am dizzy*
*yet the bird songs out my window sound so sweet.*

*While the gigabytes are loading*
*my poor eyeballs are exploding*
*and the circulation doesn't reach my feet*

*One last video, I say*
*then another makes its way*
*interrupting my intentions to go out*

*One more minute, then I'll quit*
*one more hour, here I sit*
*I've forgotten just what life is all about*

*There is work and there is play*
*but somewhere along the way*
*all my play times are so few and far between*

*Push a button, L O L*
*while my spirit goes to hell*
*as I live my cyber life upon a screen*

**Pooja Goel**
**Computer Faculty**
**GSSSS Khamano**

# ਇੰਟਰਨੈੱਟ

ਅੱਜ ਦੇ ਸਮੇਂ ਵਿੱਚ ਇੰਟਰਨੈੱਟ ਮਨੁੱਖ ਨੂੰ ਇੱਕ ਬਹੁਤ ਵੱਡੀ ਦੇਣ ਹੈ। ਇਹ ਇੱਕ ਬਹੁਤ ਉੱਤਮ ਤਕਨੀਕ ਹੈ। ਇੰਟਰਨੈੱਟ ਨੇ ਪੂਰੀ ਦੁਨੀਆ ਸਾਡੀ ਮੁੱਠੀ ਵਿੱਚ ਸਮੇਟ ਕੇ ਰੱਖੀ ਹੋਈ ਹੈ। ਹੁਣ ਇੰਟਰਨੈੱਟ ਸਬੰਧੀ ਜਾਣਕਾਰੀ ਹਾਸਿਲ ਕਰੀਏ। ਇੰਟਰਨੈਟ ਦਾ ਅਰਥ ਇਸ ਦੇ ਨਾਂ ਤੋਂ ਹੀ ਪਤਾ ਲੱਗਦਾ ਹੈ। ਇਸ ਦਾ ਅਰਥ ਹੈ ਇੰਟਰਨੈਸ਼ਨਲ ਨੈੱਟਵਰਕ ਆਫ ਕੰਪਿਊਟਰਜ਼। ਜਦੋਂ ਦੋ ਜਾਂ ਦੋ ਤੋਂ ਵੱਧ ਕੰਪਿਊਟਰ ਆਪਸ ਵਿੱਚ ਜੁੜਦੇ ਹਨ ਤਾਂ ਇੱਕ ਨੈੱਟਵਰਕ ਬਣਦਾ ਹੈ। ਇੰਟਰਨੈੱਟ ਨੈੱਟਵਰਕਾ ਦਾ ਵਿਸ਼ਾਲ ਨੈੱਟਵਰਕ ਹੈ ਸੰਸਾਰ ਵਿੱਚ ਫੈਲੇ ਲੱਖਾਂ ਕੰਪਿਊਟਰਾਂ ਤੋਂ ਬਣਿਆ ਹੈ। 1969 ਜਦੋਂ ਮਨੁੱਖ ਨੇ ਚੰਦ ਤੇ ਕਦਮ ਰੱਖਿਆ ਯੂਨਾਈਟਿਡ ਸਟੇਟ ਸੁਰੱਖਿਆ ਪਰਿਸ਼ਦ ਨੇ ਅੱਗੇ ਖੋਜ ਕਰਨ ਲਈ ਇੱਕ ਐਡਵਾਂਸ ਰਿਸਰਚ ਪ੍ਰੋਜੈਕਟ ਏਜੰਸੀ ਦੀ ਸਥਾਪਨਾ ਕੀਤੀ। ਉਨਾਂ ਨੇ ਚਾਰ ਕੰਪਿਊਟਰਾਂ ਦਾ ਇੱਕ ਨੈੱਟਵਰਕ ਬਣਾਇਆ ਤਾਂ ਜੋ ਡਾਟਾ ਦੀ ਸਾਂਝ ਕੀਤੀ ਜਾ ਸਕੇ। ਹੌਲੀ ਹੌਲੀ ਨੈੱਟਵਰਕ ਪੂਰੇ ਸੰਸਾਰ ਵਿੱਚ ਫੈਲ ਗਿਆ। ਹਰ ਕੋਈ ਇਸਦੀ ਵਰਤੋਂ ਕਰਨ ਲੱਗ ਪਿਆ। ਯੂਨੀਵਰਸਿਟੀਆਂ ਇਸ ਨੈੱਟਵਰਕ ਨਾਲ ਜੁੜ ਗਈਆਂ। ਇਸ ਤਰ੍ਹਾਂ ਨੈੱਟਵਰਕਿੰਗ ਦੀ ਸ਼ੁਰੂਆਤ ਹੋਈ ਅਤੇ ਇਸ ਦਾ ਜਨਮ ਹੋਇਆ। ਇਸ ਦੀ ਵਰਤੋਂ ਹੁਣ ਸੰਦੇਸ਼ ਭੇਜਣ ਅਤੇ ਕੰਪਿਊਟਰਾਂ ਵਿਚਕਾਰ ਫਾਈਲਾ ਸ਼ੇਅਰ ਕਰਨ ਲਈ ਕੀਤੀ ਜਾਂਦੀ ਹੈ। ਸਭ ਤੋਂ ਰੌਚਕ ਗੱਲ ਇਹ ਹੈ ਕਿ ਇੰਟਰਨੈੱਟ ਨੂੰ ਕਿਸੇ ਦੀ ਇੱਕ ਇਕੱਲੀ ਏਜੰਸੀ ਦੁਆਰਾ ਕੰਟਰੋਲ ਨਹੀਂ ਕੀਤਾ ਜਾ ਸਕਦਾ। ਭਾਰਤ ਵਿੱਚ ਇੰਟਰਨੈੱਟ ਸੇਵਾਵਾਂ 15 ਅਗਸਤ 1995 ਵਿੱਚ VSNL ਨਾਮ ਦੀ ਸਰਕਾਰੀ ਕੰਪਨੀ ਦੁਆਰਾ ਸ਼ੁਰੂ ਕੀਤੀਆਂ ਗਈਆਂ। ਇੰਟਰਨੈੱਟ ਦੀ ਵਰਤੋਂ ਕਰਨ ਲਈ ਸਾਨੂੰ ਹਾਰਡਵੇਅਰ ਅਤੇ ਸਾਫਟਵੇਅਰ ਦੋਵੇਂ ਸਾਧਨਾਂ ਦੀ ਜਰੂਰਤ ਪੈਂਦੀ ਹੈ। ਅੰਤ ਵਿੱਚ ਮੈਂ ਦੱਸਣਾ ਚਾਹੁੰਦੀ ਹਾਂ ਕਿ ਸਾਨੂੰ ਇੰਟਰਨੈੱਟ ਦੀਆਂ ਸਹੂਲਤਾਂ ਮਿਲਦੀਆਂ ਹਨ, ਪਰ ਸਾਨੂੰ ਇਹਨਾਂ ਦਾ ਸਹੀ ਉਪਯੋਗ ਕਰਨਾ ਚਾਹੀਦਾ ਹੈ।

ਨੈਵਿਕਾ (ਅੱਠਵੀਂ)
ਸ.ਸ.ਸ.ਸ. ਨਾਰੂ ਨੰਗਲ
ਹੁਸ਼ਿਆਰਪੁਰ।

# ਆਰਟੀਫਿਸ਼ੀਅਲ ਇੰਟੈਲੀਜੈਂਸ

ਆਰਫੀਸ਼ੀਅਲ ਇੰਟੈਲੀਜੰਸ ਸ਼ਬਦ ਪਹਿਲੀ ਵਾਰ ਅਮਰੀਕਾ ਦੇ ਕੰਪਿਊਟਰ ਵਿਗਿਆਨੀ ਜੋਹਨ ਮੈਕਕਾਰਥੀ ਦੁਆਰਾ ਸੰਨ 1956 ਵਿੱਚ ਡੈਨਮਾਰਕ ਵਿੱਚ ਹੋਈ ਕਾਨਫਰੰਸ ਵਿੱਚ ਵਰਤਿਆ ਗਿਆ ਜਿਸ ਨੂੰ ਆਰਟੀਫਿਸ਼ਅਲ ਇੰਟੈਲੀਜੈਂਸ ਦੇ ਪਿਤਾਮਾ ਵਜੋਂ ਜਾਣਿਆ ਜਾਂਦਾ ਹੈ।

ਆਰਟੀਫਿਸ਼ਅਲ ਇੰਟੈਲੀਜੈਂਸੀ ਦੋ ਵੱਖ-ਵੱਖ ਸ਼ਬਦਾਂ ਨੂੰ ਮਿਲਾ ਕੇ ਬਣਿਆ ਹੈ:

ਆਰਟੀਫਿਸ਼ੀਅਲ + ਇਟੈਲੀਜੈਂਸ।

- ਆਰਟੀਫਿਸ਼ੀਅਲ ਦਾ ਮਤਲਬ ਹੈ ਕਿ ਮਨੁੱਖ ਦੁਆਰਾ ਬਣਾਈ ਗਈ ਜਾਂ ਮਨੁੱਖ ਦੁਆਰਾ ਵਿਕਸਿਤ ਕੀਤੀ ਗਈ ਭਾਵ ਕਿ ਜੋ ਕੁਦਰਤੀ ਨਾ ਹੋ ਕੇ ਬਣਾਉਟੀ ਹੋਵੇ।
- ਇੰਟੈਲੀਜੈਂਸ ਤੋਂ ਭਾਵ ਹੈ ਕਿ ਗਿਆਨ ਪ੍ਰਾਪਤ ਕਰਨ ਅਰਥਾ ਨੂੰ ਸਮਝਣ, ਸੱਚਾਈ ,ਬੁੱਧੀਮਤਾ ਅਤੇ ਗਿਆਨ ਲਾਗੂ ਕਰਨ ਦੀ ਦਿਮਾਗੀ ਸਮਰੱਥਾ। ਇੰਟੈਲੀਜੈਂਸ ਸਿੱਖਣ ਅਤੇ ਸਮਝਣ ਦੀ ਸਮਰੱਥਾ ਹੈ।

ਆਰਟੀਫਿਸ਼ੀਅਲ ਇੰਟੈਲੀਜੈਂਸ ਜੀਵਨ ਨੂੰ ਆਸਾਨ ਅਤੇ ਆਰਾਮਦਾਇਕ ਬਣਾਉਣ ਲਈ ਵਿਕਸਿਤ ਕੀਤੀਆਂ ਗਈਆਂ ਮਸ਼ੀਨਾਂ ਹਨ। ਇਹ ਕੰਪਿਊਟਰ ਪ੍ਰੋਗਰਾਮ ਜਾਂ ਮਸ਼ੀਨਾਂ ਹੁੰਦੀਆਂ ਹਨ ਜੋ ਸੋਚ ਸਕਦੀਆਂ ਹਨ, ਸਮਝ ਸਕਦੀਆਂ ਹਨ, ਅਤੇ ਸਿੱਖਣ ਸਕਦੀਆਂ ਹਨ। ਆਰਟੀਫਿਸ਼ਅਲ ਇੰਟੈਲੀਜੰਸ ਦੀਆਂ ਕੁਝ ਉਦਾਹਰਨਾਂ: ਗੂਗਲ ਸਾਈਟ ਲਿੰਕ, ਸਮਾਰਟ ਕਾਰਾਂ, ਡਰੋਨ ਸਿਸਟਮ, ਅਲੈਕਸਾ ਆਦਿ।

ਅਜੋਕੇ ਸਮੇਂ ਵਿੱਚ ਆਰਟੀਫਿਸ਼ਲ ਇੰਟੈਲੀਜੈਂਸ ਇੱਕ ਵਧੀਆ ਰੋਲ ਨਿਭਾ ਰਹੀ ਹੈ। ਅੱਜ ਕੱਲ ਹਰੇਕ ਖੇਤਰ ਵਿੱਚ ਆਰਟੀਫਿਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਕੀਤੀ ਜਾਂਦੀ ਹੈ। ਬਹੁਤ ਸਾਰੇ ਖੇਤਰਾਂ ਵਿੱਚ ਆਰਟੀਫਿਸ਼ੀਅਲ ਇੰਟੈਲੀਜੈਂਸ ਨੇ ਮਨੁੱਖ ਦੀ ਜਗ੍ਹਾ ਲੈ ਲਈ ਹੈ। ਜਿਸ ਨਾਲ ਮਨੁੱਖ ਦਾ ਕੰਮ ਸੌਖਾ ਹੋ ਜਾਂਦਾ ਹੈ, ਪਰ ਇਸ ਤਰ੍ਹਾਂ ਬਹੁਤ ਸਾਰੇ ਲੋਕ ਬੇਰੁਜ਼ਗਾਰ ਹੋ ਰਹੇ ਹਨ। ਅੱਜ ਕੱਲ ਹਰੇਕ ਕੰਮ ਮਸ਼ੀਨਾਂ ਕਰ ਰਹੀਆਂ ਹਨ ਜਿਸ ਨਾਲ ਕੰਮ ਆਸਾਨ ਹੋ ਰਿਹਾ ਹੈ, ਪਰ ਮਸ਼ੀਨਾਂ ਮਨੁੱਖ ਨੂੰ ਆਲਸੀ ਬਣਾ ਦਿੰਦੀਆਂ ਹਨ ਇਸ ਨਾਲ ਸਾਡੇ ਦੇਸ਼ ਵਿੱਚ ਵੀ ਬੇਰੁਜ਼ਗਾਰੀ ਵਿੱਚ ਵਾਧਾ ਹੋ ਰਿਹਾ ਹੈ।

**ਸ਼ਰਧਾ (ਬਾਰ੍ਹਵੀਂ-ਕਾਮਰਸ)**
**ਸ.ਸ.ਸ.ਸ. ਨਾਰੂ ਨੰਗਲ**
**ਹੁਸ਼ਿਆਰਪੁਰ।**

# ਸਾਈਬਰ ਅਪਰਾਧ



ਜਿਸ ਜੁਰਮ ਵਿੱਚ ਕੰਪਿਊਟਰ ਜਾਂ ਮੋਬਾਈਲ ਸ਼ਾਮਿਲ ਹੋਵੇ ਉਸਨੂੰ ਸਾਈਬਰ ਕ੍ਰਾਈਮ ਆਖਿਆ ਜਾਂਦਾ ਹੈ। ਆਧੁਨਿਕ ਸਮੇਂ ਚ ਸੂਚਨਾ ਟੈਕਨੋਲਜੀ ਦੇ ਸਾਧਨਾਂ ਨੇ ਜਿੱਥੇ ਜੀਵਨ ਵਿੱਚ ਨਵੀਂ ਕ੍ਰਾਂਤੀ ਲਿਆਂਦੀ ਹੈ ਉੱਥੇ ਇਹਨਾਂ ਸਾਧਨਾਂ ਦਾ ਦੁਰਉਪਯੋਗ ਵੀ ਵੱਡੇ ਪੱਧਰ ਤੇ ਹੋ ਰਿਹਾ ਹੈ। ਅੱਜ ਕੱਲ ਸ਼ਰਾਰਤੀ ਲੋਕਾਂ ਦੁਆਰਾ ਗਿਣੀ ਮਿੱਥੀ ਸਾਜਿਸ਼ ਤਹਿਤ ਕੰਪਿਊਟਰ ਦੇ ਮੋਬਾਈਲ ਰਾਹੀਂ ਅਸ਼ਲੀਲ ਤੇ ਭੜਕਾਊ ਸ਼ਬਦਾਵਲੀ ਤਸਵੀਰਾਂ ਤੇ ਵੀਡੀਓ ਭੇਜ ਕੇ ਸਮਾਜਿਕ ਮਾਹੌਲ ਨੂੰ ਪ੍ਰਦੂਸ਼ਿਤ ਕੀਤਾ ਜਾ ਰਿਹਾ ਹੈ। ਇੱਥੇ ਹੀ ਬੱਸ ਨਹੀਂ ਸਾਈਬਰ ਅਪਰਾਧ ਤਹਿਤ ਕਿਸੇ ਦੇ ਈਮੇਲ ਖਾਤੇ ਨੂੰ ਹਾਈਜੈਕ ਕਰਨਾ ,ਵਾਇਰਸ ਭੇਜਣਾ, ਕਾਪੀਰਾਈਟ ਦੀ ਉਲੰਘਣਾ ਕਰਨਾ, ਸੇਵਾਵਾਂ ਚ ਵਿਘਨ ਪਾਉਣਾ ,ਬੈਂਕ ਖਾਤਿਆਂ ਨਾਲ ਛੇੜ ਛਾੜ ਕਰਨ ਦੀਆਂ ਘਟਨਾਵਾਂ ਸਾਹਮਣੇ ਆ ਰਹੀਆਂ ਹਨ। ਸਾਈਬਰ ਅਪਰਾਧੀਆਂ ਦੁਆਰਾ ਲੋਕਾਂ ਦਾ ਮਾਨਸਿਕ ਸਰੀਰਿਕ ਸ਼ੋਸ਼ਣ ਕਾਰਨ ਦੇ ਨਾਲ ਨਾਲ ਲਾਟਰੀ ਦੇ ਗੋਰਖ ਧੰਦੇ ਰਾਹੀਂ ਭੋਲੇ ਭਾਲੇ ਲੋਕਾਂ ਦਾ ਆਰਥਿਕ ਸ਼ੋਸ਼ਣ ਵੀ ਕੀਤਾ ਜਾ ਰਿਹਾ ਹੈ। ਈਮੇਲ ਤੇ ਮੋਬਾਇਲ ਦੇ ਸੁਨੇਹੇ ਦੀ ਵਰਤੋ ਨਾਲ ਸਾਈਬਰ ਅਪਰਾਧੀਆਂ ਦੁਆਰਾ ਲੋਕਾਂ ਨੂੰ ਡਰਾਇਆ ਧਮਕਾਇਆ ਜਾ ਰਿਹਾ ਹੈ। ਏਟੀਐਮ ਤੋਂ ਠੱਗੀ ਨਾਲ ਪੈਸੇ ਕਢਵਾਉਣ ਦੀਆਂ ਖਬਰਾਂ ਸਾਹਮਣੇ ਆ ਰਹੀਆਂ ਹਨ। ਇਹੀ ਕਾਰਨ ਹੈ ਕਿ ਦਿਨੋ ਦਿਨ ਵੱਧ ਰਹੇ ਸਾਈਬਰ ਅਪਰਾਧ ਕਰਕੇ ਸਰਕਾਰ ਨੂੰ ਮਜਬੂਰੀ ਵੱਸ ਸਾਈਬਰ ਕਾਨੂੰਨ ਤੇ ਸਾਈਬਰ ਥਾਣਿਆਂ ਦਾ ਨਿਰਮਾਣ ਕਰਨਾ ਪਿਆ ਹੈ। ਲੋੜ ਇਸ ਗੱਲ ਦੀ ਹੈ ਕਿਅਸੀਂ ਕਿਸੇ ਵੀ ਅਜਨਬੀ ਨਾਲ ਆਪਣਾ ਗੁਪਤ ਪਾਸਵਰਡ ਸਾਂਝਾ ਨਾ ਕਰੀਏ ਸਾਈਬਰ ਕੈਫੇ ਵਿੱਚ ਬਾਹਰ ਆਉਣ ਤੋਂ ਪਹਿਲਾਂ ਆਪਣੀ ਆਈਡੀ ਲੋਗ ਆਊਟ ਕਰਨਾ ਨਾ ਭੁੱਲੀਏ ਰਾਸ਼ਟਰੀ, ਅੰਤਰਰਾਸ਼ਟਰੀ ਧੋਖਾਧੜੀ ਵਾਲੀਆਂ ਕਾਲਾਂ ਤੋਂ ਸੁਚੇਤ ਰਹੀਏ। ਦੂਜਿਆ ਨਾਲ ਹਮੇਸ਼ਾ ਸਾਫ ਸੁਥਰਾ ਡਾਟਾ ਸਾਂਝਾ ਕਰੀਏ।

ਪ੍ਰੀਤੀ (ਗਿਆਰ੍ਹਵੀਂ-ਆਰਟਸ)
ਸ.ਸ.ਸ.ਸ. ਨਾਰੂ ਨੰਗਲ
ਹੁਸ਼ਿਆਰਪੁਰ।

# ਕੰਪਿਊਟਰ ਦੀ ਤਾਕਤ



ਉਹ ਸਾਧਨ ਜਿਨਾਂ ਰਾਹੀਂ ਮਨੁੱਖ ਆਪਣੇ ਵਿਚਾਰਾਂ, ਸੂਚਨਾਵਾਂ ਨੂੰ ਇੱਕ ਥਾਂ ਤੋਂ ਦੂਜੀ ਥਾਂ ਆਸਾਨੀ ਅਤੇ ਬਹੁਤ ਥੋੜੇ ਸਮੇਂ ਵਿੱਚ ਆਪਣੇ ਸਕੇ-ਸਬੰਧੀਆਂ, ਰਿਸ਼ਤੇਦਾਰਾਂ ਅਤੇ ਮਿੱਤਰਾਂ ਆਦਿ ਨੂੰ ਸੁਨੇਹਾ (ਸੰਚਾਰ) ਭੇਜਦਾ ਹੈ। ਉਹਨਾਂ ਸਾਧਨਾਂ ਨੂੰ ਸੰਚਾਰ ਦੇ ਸਾਧਨ ਕਿਹਾ ਜਾਂਦਾ ਹੈ। ਸੰਚਾਰ ਦੇ ਸਾਧਨਾਂ ਵਿੱਚੋਂ ਕੰਪਿਊਟਰ ਇੱਕ ਹੈ ਜੋ ਸਾਰੀ ਦੁਨੀਆ ਨੂੰ ਇੰਟਰਨੈਟ ਰਾਹੀਂ ਜੋੜ ਕੇ ਰੱਖਦਾ ਹੈ। ਕੰਪਿਊਟਰ ਮਨੁੱਖ ਦੇ ਉਹਨਾਂ ਕੰਮਾਂਕਾਰਾਂ ਨੂੰ ਸੌਖਾ ਬਣਾਉਂਦਾ ਹੈ ਜਿਨਾਂ ਨੂੰ ਪੂਰਾ ਕਰਨ ਵਿੱਚ ਬਹੁਤ ਸਮਾਂ ਲੱਗਦਾ ਹੈ ਅਤੇ ਉਹ ਕੰਮ ਬਹੁਤ ਹੀ ਗੁੰਝਲਦਾਰ ਹੁੰਦੇ ਹਨ। ਉਨਾਂ ਨੂੰ ਜਲਦੀ ਤੋਂ ਜਲਦੀ ਕਰਨ ਵਿੱਚ ਮਦਦ ਕਰਦਾ ਹੈ। ਕੰਪਿਊਟਰ ਦੀ ਖੋਜ ਨੇ ਮਨੁੱਖ ਜੀਵਨ ਵਿੱਚ ਕ੍ਰਾਂਤੀ ਲਿਆ ਦਿੱਤੀ ਹੈ। ਕੰਪਿਊਟਰ ਨੇ ਮਨੁੱਖੀ ਦਿਮਾਗ ਤੇ ਗੁੰਝਲਦਾਰ ਕੰਮਾਂ ਕਾਰਾਂ ਨੂੰ ਸਾਂਭ ਲਿਆ ਹੈ। ਜਿਸ ਨੇ ਸੰਸਾਰ ਦੇ ਸਾਰੇ ਕੋਨੇ ਕੋਨੇ ਨੂੰ ਆਪਸ ਵਿੱਚ ਜੋੜ ਲਿਆ ਹੈ। ਕੰਪਿਊਟਰ ਮੁਨੱਖੀ ਜੀਵਨ ਵਿੱਚ ਆਉਣ ਨਾਲ ਮਨੁੱਖ ਦਾ ਸਮਾਂ ਅਤੇ ਮਿਹਨਤ ਬਚਦੀ ਹੈ। ਕੰਪਿਊਟਰ ਨਾਲ ਹੀ ਕਰੰਸੀ ਨੋਟ ਏ.ਟੀ.ਐਮ. ਅਤੇ ਕਰੈਡਿਟ ਕਾਰਡ ਬਣਾਏ ਜਾਂਦੇ ਹਨ ਕੰਪਿਊਟਰ ਨੇ ਵਿਗਿਆਨਿਕ ਖੋਜਾਂ ਨੂੰ ਵੀ ਵਧੇਰੇ ਲਾਭ ਪਹੁੰਚਾਇਆ ਹੈ। ਕੰਪਿਊਟਰ ਅੱਜ ਦੇ ਯੁੱਗ ਵਿੱਚ ਸਭ ਦਾ ਹਰਮਨ ਪਿਆਰਾ ਹੋ ਗਿਆ ਹੈ। ਕੰਪਿਊਟਰ ਰਾਹੀਂ ਅਸੀਂ ਇੰਟਰਨੈਟ ਤੋਂ ਕਿਸੇ ਵੀ ਸਵਾਲ ਦਾ ਜਵਾਬ ਤੁਰੰਤ ਪ੍ਰਾਪਤ ਕਰ ਸਕਦੇ ਹਾਂ। ਜਿਨਾਂ ਸਵਾਲਾਂ ਦਾ ਸਾਨੂੰ ਉੱਤਰ ਪਤਾ ਨਾ ਹੋਵੇ ਕੰਪਿਊਟਰ ਨੇ ਹਰ ਇੱਕ ਮਨੁੱਖ ਦੇ ਗਿਆਨ ਪ੍ਰਾਪਤੀ ਦੇ ਰਸਤੇ ਨੂੰ ਵਧੇਰਾ ਆਸਾਨ ਬਣਾ ਦਿੱਤਾ ਹੈ।

ਚੱਲਦਾ ਪੰਨਾ.....

ਅਸੀਂ ਕੰਪਿਊਟਰ ਰਾਹੀਂ ਈਮੇਲ ਵੈਬਸਾਈਟਾਂ ਜਾਂ ਕਿਸੇ ਹੋਰ ਸੋਸ਼ਲ ਨੈਟਵਰਕ ਦੀ ਵਰਤੋਂ ਕਰਕੇ ਆਸਾਨੀ ਨਾਲ ਦੁਨੀਆਂ ਦੇ ਕਿਸੇ ਵੀ ਵਿਅਕਤੀ ਨਾਲ ਜੁੜ ਸਕਦੇ ਹਾਂ। ਕੰਪਿਊਟਰ ਇੱਕ ਅਜਿਹਾ ਯੰਤਰ ਹੈ ਜਿਸ ਰਾਹੀਂ ਵਿਗਿਆਨੀ ਆਪਣੇ ਖੋਜਾਂ ਨੂੰ ਜਲਦੀ ਪੂਰਾ ਕਰ ਲੈਂਦੇ ਹਨ ਅਤੇ ਸਮਾਜ ਵਿੱਚ ਉਸ ਨੂੰ ਇੰਟਰਨੈਟ ਰਾਹੀਂ ਲੋਕਾਂ ਤੱਕ ਭੇਜ ਦਿੰਦੇ ਹਨ। ਕੰਪਿਊਟਰ ਲੋਕਾਂ ਨੂੰ ਉਨਾਂ ਦੇ ਘਰਾਂ ਦੇ ਬਿਜਲੀ ਦੇ ਬਿੱਲ ਬੈਂਕਾਂ ਵਿੱਚੋਂ ਪੈਸੇ ਜਮਾ ਅਤੇ ਕਢਵਾਉਣ ਘਰ ਬੈਠੇ ਹੀ ਮਦਦ ਕਰਦਾ ਹੈ। ਇਸ ਨਾਲ ਵਿਅਕਤੀ ਵਿਆਹ-ਸ਼ਾਦੀਆਂ, ਪਾਰਟੀਆਂ ਆਦਿ ਸ਼ਾਪਿੰਗ ਅਤੇ ਬੁਕਿੰਗ ਕਰਨ ਕਰ ਸਕਦਾ ਹੈ। ਚਾਰਲਸ ਬੈਬਸ ਇੱਕ ਅਜਿਹਾ ਵਿਅਕਤੀ ਸੀ ਜਿਹਨੇ ਕੰਪਿਊਟਰ ਨੂੰ ਬਣਾਇਆ ਸੀ, ਤਾਂ ਜੋ ਵਿਅਕਤੀ ਸਾਰੀ ਦੁਨੀਆਂ ਨਾਲ ਜੁੜ ਸਕੇ। ਮਾਈਕਰੋ ਕੰਪਿਊਟਰ ਅਤੇ ਪਰਸਨਲ ਕੰਪਿਊਟਰ ਅੱਜ ਕੱਲ ਦੁਨੀਆਂ ਵਿੱਚ ਆਮ ਵਰਤੇ ਜਾਣ ਵਾਲੇ ਕੰਪਿਊਟਰ ਹੋ ਗਏ ਹਨ। ਕੰਪਿਊਟਰ ਦੇ ਵੱਖ-ਵੱਖ ਪੁਰਜਿਆਂ ਨੂੰ ਹਾਰਡਵੇਅਰ ਕਿਹਾ ਜਾਂਦਾ ਹੈ ਅਤੇ ਇਸ ਵਿੱਚ ਚੱਲਣ ਵਾਲੇ ਸਾਰੇ ਪ੍ਰੋਗਰਾਮਾਂ ਨੂੰ ਹਾਰਡਵੇਅਰ ਕਿਹਾ ਜਾਂਦਾ ਹੈ। ਕੰਪਿਊਟਰ ਆਉਣ ਨੂੰ ਨਾਲ ਤਕਨੀਕੀ (ਆਧੁਨਿਕ) ਯੁੱਗ ਆ ਗਿਆ ਹੈ । ਆਧੁਨਿਕ ਯੁੱਗ ਆਉਣ ਨਾਲ ਸਾਰੇ ਕੰਮ ਕੰਪਿਊਟਰ ਨਾਲ ਹੋਣ ਲੱਗ ਪਏ ਹਨ। ਕੰਪਿਊਟਰ ਆਧੁਨਿਕ ਯੁੱਗ ਦੀ ਇੱਕ ਵਿਲੱਖਣ ਅਤੇ ਅਨੋਖੀ ਪ੍ਰਾਪਤੀ ਹੈ। ਕੰਪਿਊਟਰ ਦੀ ਵਰਤੋਂ ਨਾਲ ਮਨੁੱਖ ਲਗਾਤਾਰ ਨਵੇਂ ਤਰੀਕਿਆਂ ਵੱਲ ਅੱਗੇ ਵੱਧ ਰਿਹਾ ਹੈ।

ਪਿੰਕੀ (ਦਸਵੀਂ)
ਸ.ਸ.ਸ.ਸ. ਨਾਰੂ ਨੰਗਲ
ਹੁਸ਼ਿਆਰਪੁਰ।

# Digital Footprint



A digital footprint, also known as a digital trail or online footprint, refers to the digital traces and records of an individual's online activities. These activities include interactions, communications, and information shared on the internet. Your digital footprint can encompass various elements, such as:

- Social Media: Posts, comments, likes, and shares on social networking sites like Facebook, Twitter, Instagram and Linkedin.
- Online Forums and Communities: Contributions to discussion forums, blogs, or online communities.
- Search History: Records of your internet searches on search engines like Google.
- Email Communication: The content of emails sent and received.
- Online Purchases: Records of items you've bought online and the websites you've used for these transactions.
- Website Visits: Data on the websites you've visited, including the time and duration of your visits.
- Cookies: Information collected by websites and stored on your device for various purposes, such as tracking your browsing habits.
- Location Data: Information about your physical location when using GPS-enabled devices or services.

to be continued...

- Online Profiles: Your profiles on various online platforms, including personal information and content you've posted.
- Digital Photos and Videos: Media you've uploaded or shared online.

It's important to be aware of your digital footprint because it can have implications for your online privacy, security, and reputation. Employers, educational institutions, and others may use your digital footprint to learn more about you. It's also used by advertisers and data aggregators to target advertisements and products for you.

**Digital Footprint types : There are several types of digital footprints**

- Active digital footprint: Data you created intentionally, for example social media posts or online form completions.
- Passive digital footprint: Data created without your direct involvement or even knowledge – for example data collected by a website you visited or data generated by your phone as you're using it.
- Public digital footprint: This is the data that is available to the general public, such as your social media posts or information on your public profile on a website.
- Private digital footprint: Data accessible to only certain group of people a group chat messages.
- Commercial digital footprint: Data collected by businesses company for commercial purposes, when you shop online, etc.

to be continued...

## To manage and protect your digital footprint:

- Adjusting Privacy Settings: Review and adjust the privacy settings on your social media accounts and other online profiles to control what information is visible to others.
- Regularly Deleting or Archiving Data: Delete or archive old posts, emails, or files that you no longer need or want to keep online.
- Using Encryption: Utilize encryption tools and secure communication methods to protect sensitive data.
- Being Mindful Online: Think twice before sharing personal information, photos, or other content on the internet.
- Using Virtual Private Networks (VPNs): VPNs can help protect your online privacy by masking your IP address and encrypting your internet connection.
- Monitoring Your Digital Footprint: Regular review and Google yourself to see what information is associated with your name.

By actively managing and monitoring your digital footprint, you can maintain a better level of control over your online presence and the information available about you on the internet.

So if you Think twice before sharing personal information only then you are on safe side on the social media platform.

**Jaspal Singh**
**Computer Faculty**
**GSSS Naru Nangal**
**Hoshiarpur**

✓ ਇੰਟਰਨੈਟ ਬੈਂਕਿੰਗ

✓ ਨੈਟ ਬੈਂਕਿੰਗ

✓ UPI Apps




## ਦੀ ਵਰਤੋਂ ਕਰਦੇ ਸਮੇਂ ਧਿਆਨ ਦੇਣ ਯੋਗ ਜਰੂਰੀ ਨੁਕਤੇ

ਪਿਆਰੇ ਵਿਦਿਆਰਥੀਓ,

ਇਸ ਲੇਖ ਰਾਹੀਂ ਤੁਹਾਨੂੰ ਅੱਜ ਦੇ ਸਮੇਂ ਇੰਟਰਨੈਟ ਬੈਂਕਿੰਗ/ ਨੈਟ ਬੈਂਕਿੰਗ/ UPI Apps ਦੀ ਵਰਤੋਂ ਕਰਦੇ ਸਮੇਂ ਧਿਆਨ ਦੇਣ ਯੋਗ ਜ਼ਰੂਰੀ ਨੁਕਤਿਆਂ ਬਾਰੇ ਜਾਣੂ ਕਰਵਾਇਆ ਜਾਵੇਗਾ ਤਾਂ ਜੋ ਕਿਸੇ ਅਣਗਹਿਲੀ ਕਾਰਨ ਤੁਸੀਂ ਬੈਕਿੰਗ FRAUD ਤੋਂ ਬਚ ਸਕੋ ।ਅੱਜ ਦੇ ਸਮੇਂ ਵਿੱਚ ਹਰ ਵਿਅਕਤੀ ਦਾ ਕਿਸੇ ਨਾ ਕਿਸੇ ਬੈਂਕ ਵਿੱਚ ਖਾਤਾ ਜ਼ਰੂਰ ਹੈ ਅਤੇ ਇਹ ਖਾਤੇ ਸਬੰਧੀ ਕਿਸੇ ਵੀ ਕਾਰਵਾਈ ਲਈ ਬੈਂਕਾਂ ਵਲੋਂ ਆਪ ਦੇ ਮੋਬਾਈਲ ਤੇ ਹੀ ਸੰਪਰਕ ਕੀਤਾ ਜਾਂਦਾ ਹੈ । ਜੇਕਰ ਤੁਸੀਂ ਬੈਂਕ ਦੀ ਕੋਈ ਵੀ ਆਨਲਾਈਨ ਸੁਵਿਧਾ ਵਰਤਦੇ ਹੋ ਤਾਂ ਰਜਿਸਟਰਡ ਮੋਬਾਈਲ ਨੰਬਰ ਤੇ ਹੀ ਤੁਰੰਤ ਬੈਂਕ ਵਲੋਂ ਸੂਚਨਾ ਦਿੱਤੀ ਜਾਂਦੀ ਹੈ । ਉਦਾਹਰਣ ਵਜੋਂ ਜੇਕਰ ਤੁਸੀਂ ATM ਰਾਹੀਂ ਪੈਸੇ ਕਢਵਾਉਂਦੇ ਹੋ ਜਾਂ ਬੈਂਕ ਜਾ ਕੇ ਆਪਣੇ ਖਾਤੇ ਵਿਚੋਂ ਪੈਸੇ ਕਢਵਾਉਂਦੇ ਹੋ ਤਾਂ ਇਸ ਸਬੰਧੀ ਤੁਰੰਤ SMS ਰਾਹੀਂ ਜਾਣਕਾਰੀ ਤੁਹਾਡੇ ਰਜਿਸਟਰਡ ਮੋਬਾਈਲ ਨੰਬਰ ਤੇ ਭੇਜੀ ਜਾਂਦੀ ਹੈ । ਇਸੇ ਤਰਾਂ ਜਰੂਰੀ ਆਨਲਾਈਨ ਕੰਮਾਂ ਵਾਸਤੇ ਆਪ ਦੇ ਰਜਿਸਟਰਡ ਮੋਬਾਈਲ ਨੰਬਰ ਤੇ OTP ਵੀ ਭੇਜਿਆ ਜਾਂਦਾ ਹੈ, ਇਹ OTP ਭਰਨ ਤੇ ਹੀ ਤੁਹਾਡੇ ਖਾਤੇ ਵਿੱਚੋਂ ਕੋਈ TRANSACTION ਹੋ ਸਕਦੀ ਹੈ । ਬੈਂਕਿੰਗ ਸਿਸਟਮ ਵਲੋਂ ਇਹ ਮੰਨਿਆ ਜਾਂਦਾ ਹੈ ਕਿ ਤੁਸੀਂ ਆਪਣਾ ਮੋਬਾਇਲ ਜਿਸ ਵਿੱਚ ਬੈਂਕ ਨਾਲ ਰਜਿਸਟਰਡ ਸਿਮ ਪਾਇਆ ਹੋਇਆ ਹੈ, ਉਹ ਮੋਬਾਈਲ ਹਮੇਸ਼ਾ ਆਪਣੇ ਕੋਲ ਹੀ ਰਖਦੇ ਹੋ । ਸੋ ਆਓ ਆਪਾਂ ਉਹਨਾਂ ਨੁਕਤਿਆਂ ਨੂੰ ਧਿਆਨ ਨਾਲ ਪੜ੍ਹੀਏ ਜਿਹਨਾਂ ਨੂੰ ਧਿਆਨ ਰੱਖ ਕੇ ਤੁਸੀਂ ਬੈਕਿੰਗ FRAUD ਤੋਂ ਬਚ ਸਕਦੇ ਹੋ :

ਚੱਲਦਾ ਪੰਨਾ.....

- ਆਪਣਾ ਮੋਬਾਇਲ ਜਿਸ ਵਿੱਚ ਬੈਂਕ ਨਾਲ ਰਜਿਸਟਰਡ ਸਿਮ ਪਾਇਆ ਹੋਇਆ ਹੈ, ਕਿਸੇ ਵੀ ਅਣਜਾਣ ਵਿਅਕਤੀ ਨੂੰ ਵਰਤੋਂ ਲਈ ਨਾ ਦਿਓ (ਕੁਝ ਸਮੇਂ ਲਈ ਵੀ ਨਹੀਂ)
- ਪੈਸੇ ਦੇ ਲੈਣ-ਦੇਣ ਦੇ ਮਾਮਲੇ ਵਿਚ ਕਦੇ ਵੀ ਲਾਲਚ ਨਾ ਕਰੋ। (ਨਕਲੀ OFFERS ਤੋਂ ਬਚੋ)
- ਪੈਸੇ ਦੇ ਲੈਣ-ਦੇਣ ਦੇ ਮਾਮਲੇ ਵਿਚ ਕਦੇ ਵੀ ਕਾਹਲੀ ਨਾ ਕਰੋ।
- ਪੈਸੇ ਦੇ ਲੈਣ-ਦੇਣ ਦੇ ਮਾਮਲੇ ਵਿਚ ਕਿਸੇ ਦੀ ਮਦਦ ਕਰਨ ਲੱਗੇ ਬਹੁਤ ਧਿਆਨ ਰੱਖੋ ।
- ਪੈਸੇ ਦੇ ਲੈਣ-ਦੇਣ ਦੇ ਮਾਮਲੇ ਵਿਚ ਮੰਗੇ ਗਏ ਪੈਸੇ ਨੂੰ ਟਰਾਂਸਫਰ ਕਰਨ ਲੱਗੇ ਬਹੁਤ ਧਿਆਨ ਰੱਖੋ।
- ਪੈਸੇ ਦੇ ਲੈਣ-ਦੇਣ ਦੇ ਮਾਮਲੇ ਵਿਚ ENOUGH TIME ਲਓ, ਹੌਲੀ ਹੌਲੀ ਕੋਈ ਵੀ ਐਕਸ਼ਨ ਕਰੋ, ਇਕੋ ਦਮ ਕੋਡ ਜਾਂ ਪਾਸਵਰਡ ਨਾ ਭਰੇ, ਸੋਚੇ, ਵਿਚਾਰੇ, ਘੋਖ ਕਰੇ ਅਤੇ ਤਸੱਲੀ ਤੋਂ ਬਾਅਦ ਹੀ ਕੋਈ ਪੈਮੇਂਟ ਸਬੰਧੀ ਡਿਟੇਲਜ ਭਰੋ ।
- OTP (ਵਨ ਟਾਈਮ ਪਾਸਵਰਡ) ਜਾਂ ਹੋਰ ਕੋਈ ਕੋਡ, ਕਿਸੇ ਨੂੰ ਨਾ ਦੱਸੋ, ਨਾ ਹੀ ਸੈਂਡ/ਫਾਰਵਰਡ ਕਰੋ।
- ਕਿਸੇ ਵੀ SMS ਜਾਂ ਮੈਸੇਜ਼ ਪ੍ਰਾਪਤ ਹੋਏ LINK (WEBSITE LINK, URL) ਆਦਿ ਤੇ ਬਿਨ੍ਹਾਂ ਸੋਚੇ ਸਮਝੇ ਕਲਿੱਕ ਨਾ ਕਰੋ।
- ਮੋਬਾਈਲ ਤੇ ਪ੍ਰਾਪਤ ਨੋਟੀਫਿਕੇਸ਼ਨ ਮੈਸੇਜ਼ ਵਿਚ ਦਿੱਤੇ ਪਾਸਵਰਡ, ਕੋਡ ਨੂੰ ਸ਼ੇਅਰ ਨਾ ਕਰੇ ਅਤੇ ਨੋਟੀਫਿਕੇਸ਼ਨ ਵਿਚਦਿੱਤੇ ਲਿੰਕ ਤੇ ਟੈਪ(ਕਲਿੱਕ) ਨਾ ਕਰੋ।
- POPULAR & KNOWN WEBSITES ਤੋਂ ਬਿਨਾਂ ਕਿਸੇ ਵੀ ਵੈਬਸਾਈਟ ਤੇ ਆਪਣੀਆ ਬੈਂਕ ਡਿਟੇਲਜ਼, CREDIT/DEBIT (ATM) ਕਾਰਡ ਦੀਆਂ ਡਿਟੇਲਜ਼, PERSONAL DETAILS (DATE OF BIRTH, MOBILE NUMBER, ADDRESS) ਨਾ ਭਰੋ।
- ਆਪਣੇ ਮੋਬਾਈਲ ਵਿਚ ਕਿਸੇ ਵੀ APP ਨੂੰ AUTOMATIC SMS READ ਕਰਨ ਦੀ PERMISSION ਨਾ ਦਿਓ।

ਚੱਲਦਾ ਪੰਨਾ.....

- ਸਮੇਂ ਸਮੇਂ ਤੇ ਮੋਬਾਈਲ ਦੀਆਂ ਸੈਟਿੰਗਜ਼/PERMISSIONS ਨੂੰ RESET ਕਰੋ।
- UNKNOWN APPS, CRACKED APPS, MODDED APPS ਮੋਬਾਈਲ ਵਿਚ INSTALL ਨਾ ਕਰੋ।
- GOOGLE PLAY STORE OR APPLE APP STORE ਤੋਂ ਬਿਨਾਂ ਕਿਸੇ ਹੋਰ ਵੈਬਸਾਈਟ ਜਾਂ ਕਿਸੇ ਹੋਰ ਜਗ੍ਹਾ ਜਾ UNKNOWN SOURCE ਤੋਂ ਕੋਈ ਵੀ APP INSTALL ਨਾ ਕਰੋ।
- ਮੋਬਾਈਲ ਵਿਚ INSTALLED APPS ਨੂੰ ਸਮੇਂ ਸਮੇਂ ਤੇ ਚੈਕ ਕਰੋ ਅਤੇ ਵਾਧੂ (ਜੋ ਤੁਸੀ ਵਰਤਦੇ ਨਹੀਂ) APPS ਨੂੰ UNINSTALL ਕਰ ਦਿਓ ।
- ਸਮੇਂ ਸਮੇਂ ਤੇ ਮੋਬਾਈਲ ਨੂੰ FACTORY DATA RESET ਕਰੋ। (ਸਾਵਧਾਨ; ਇਸ ਨਾਲ ਮੋਬਾਈਲ ਸਟੋਰੇਜ਼ ਵਿਚ ਪਿਆ ਡਾਟਾ (ਫੋਟੋਜ਼, ਵੀਡੀਓਜ਼, ਸੈਟਿੰਗਜ਼, ਐਪਸ ਆਦਿ) ਡਿਲੀਟ ਹੋ ਜਾਵੇਗਾ ਅਤੇ ਰਿਕਵਰ ਨਹੀਂ ਹੋ ਸਕੇਗਾ ।
- ਮੋਬਾਈਲ ਅਤੇ APPS ਨੂੰ UPTO DATE ਰੱਖੋ ਭਾਵ REGULAR UPDATE ਕਰਦੇ ਰਹੋ ।
- ਬੇਸ਼ਕ ਇੱਕ ਜਾਂ ਦੋ ਮਿੰਟ ਲਈ, ਕਾਲ ਕਰਨ ਲਈ, ਮੈਸੇਜ਼ ਕਰਨ ਲਈ, ਕਿਸੇ UNKNOWN PERSON ਨੂੰ ਜਿਸਤੇ ਤੁਸੀਂ ਵਿਸ਼ਵਾਸ਼ ਨਹੀਂ ਕਰਦੇ ਜਾਂ ਜਿਸਨੂੰ ਤੁਸੀਂ ਜਾਣਦੇ ਨਹੀ, ਆਪਣਾ ਮੋਬਾਈਲ ਵਰਤਣ ਲਈ ਨਾ ਦੇਵੇ ।
- ਜੇਕਰ ਕਿਸੇ ਕਾਲ ਦੌਰਾਨ ਤੁਹਾਨੂੰ ਕਿਸੇ ਤੇ ਸ਼ੱਕ ਹੁੰਦਾ ਹੈ ਕਿ ਇਹ FRAUD CALL ਹੈ ਤਾਂ CALL ਨੂੰ ਤੁਰੰਤ DISCONNECT ਕਰ ਦਿਓ,ਅਜਿਹੇ ਵਿਅਕਤੀਆਂ ਨਾਲ ਗੱਲ ਕਰਨ ਦੀ ਜਾਂ DETAILS ਹਾਸਿਲ ਕਰਨ ਦੀ ਜਰੂਰਤ ਨਹੀਂ, ਇਹ ਗੱਲਾਂ ਵਿਚ ਲਾ ਕੇ ਤੁਹਾਡੇ ਤੋਂ IMPORTANT DETAILS ਪੁੱਛ ਹੀ ਲੈਣਗੇ।
- ਬੈਂਕ ਦਾ ਕੋਈ ਕੰਮ ਹੋਵੇ, CREDIT/DEBIT/ATM CARD ਸਬੰਧੀ ਕੋਈ ਵੀ ਗੱਲ ਹੋਵੇ ਤਾਂ ਬੈਂਕ ਬ੍ਰਾਂਚ ਵਿਚ ਜਾ ਕੇ ਹੀ ਪੜਤਾਲ ਕਰੋ। ਮੋਬਾਈਲ ਤੇ ਕਿਸੇ ਵੀ ਕਾਲ ਦੌਰਾਨ ਕੋਈ ਡਿਟੇਲ ਨਾ ਦੱਸੋ ।

ਚੱਲਦਾ ਪੰਨਾ.....

- ਕਿਸੇ ਵੀ ਹਾਲਤ ਵਿੱਚ ਤੁਹਾਡੇ ਨਾਲ ਧੋਖਾ ਹੋ ਜਾਣ ਤੇ ਸਬੂਤ ਦੇ ਤੌਰ ਤੇ ਸਕਰੀਨਸ਼ਾਟ, MESSAGES, SMS, WHATSAPP CHAT ਆਦਿ ਦਾ ਬੈਕਅੱਪ ਲਓ, ਸੰਭਾਲ ਕੇ ਰੱਖੋ। ਦਿਨ,ਮਿਤੀ, ਸਮਾਂ, ਧੋਖੇਬਾਜ਼ਾਂ ਦੇ ਮੋਬਾਈਲ ਨੰਬਰ ਆਦਿ ਨੂੰ ਚੰਗੀ ਤਰ੍ਹਾਂ ਨੋਟ ਕਰ ਲਵੋ।
- ਕਿਸੇ ਵੀ ਤਰ੍ਹਾਂ ਦੇ FRAUD/ ਧੋਖੇ ਦੇ ਸ਼ਿਕਾਰ ਹੋਣ ਤੇ ਤੁਰੰਤ ਆਪਣੇ CREDIT/DEBIT ਕਾਰਡ ਨੂੰ BLOCK ਕਰਵਾਓ, FRAUD ਧੋਖੇ ਦੀ ਸੂਚਨਾ ਆਪਣੇ ਬੈਂਕ ਨੂੰ ਅਤੇ ਪੁਲਿਸ ਥਾਣੇ ਵਿਚ ਤੁਰੰਤ ਕਰੋ। ਪੁਲਿਸ ਅਤੇ ਬੈਂਕ ਨੂੰ ਈਮੇਲਜ਼ ਤੁਰੰਤ ਕਰ ਦੇਵੋ ਅਤੇ ਬਾਅਦ ਵਿਚ PHYSICALLY VISIT ਕਰੋ।23. ਕਿਸੇ ਵੀ ਤਰ੍ਹਾਂ ਦੇ FRAUD/ ਧੋਖੇ ਦੇ ਸ਼ਿਕਾਰ ਹੋਣ ਤੋਂ ਤੁਰੰਤ ਨੈਸ਼ਨਲ ਸਾਇਬਰ ਕਰਾਇਮ ਪੋਰਟਲ ਤੇ 1930 ਨੰਬਰ ਡਾਇਲ ਕਰ ਕੇ ਆਪਣੀ ਸ਼ਿਕਾਇਤ ਦਰਜ ਕਰਵਾਓ ।

ਵਿਸ਼ਾਲ ਵਾਟਸ
ਕੰਪਿਊਟਰ ਅਧਿਆਪਕ
ਸ.ਸ.ਸ.ਸਕੂਲ, ਕਰਨੀਖੇੜਾ
ਫਾਜਿਲਕਾ।

# Super Smart Machines and Elon Musk's Mind-Reading Hat! : Maninder Singh

Imagine if your phone could actually read your mind (well, almost!). That's kind of what Artificial Intelligence (AI) is doing these days. It's like super-duper smart machines that are learning and helping us in tons of ways, even sneaking into our daily lives without us noticing! Remember how your phone suggests the next word you're gonna type, or how spooky accurate those Instagram ads can be? That's AI figuring out your habits and showing you stuff you might like. Pretty cool, right? But AI isn't just about showing you funny cat videos (although, those are pretty awesome). It's helping doctors fight bad guys like diseases, translating languages faster than your friend who aced French class, and even creating music that would make your music teacher do a double take! Imagine robots helping in hospitals, cars driving themselves, or AI tutors who explain things in a way that makes even the toughest subject a breeze – the possibilities are endless!

Now, hold onto your hats (or should we say, brainwaves? because Elon Musk, the super-smart guy behind electric cars and rockets, wants to take AI to a whole new level. His company is working on a special hat (okay, maybe not exactly a hat, but a tiny chip) that can connect your brain directly to a computer! Think about controlling your phone with your mind, learning things instantly, or even helping people who can't move their bodies feel things again – it's like something out of a sci-fi movie!

to be continued...

Of course, with great power comes great responsibility (remember Uncle Ben from Spider-Man?). We need to think carefully about how to use this kind of tech safely and fairly. What if it falls into the wrong hands? Will we all become slaves to our super-smart devices? These are big questions we need to answer before diving headfirst into the AI pool.

But hey, that's what makes technology exciting, right? It challenges us, makes us think, and helps us grow. So, while AI in your pocket might seem like every day magic, remember, the future is wide open like a blank page in your notebook. We can be the generation that shapes it for the better, using AI to make the world a cooler, kinder, and maybe even a little bit more mind-reading awesome place! What do you think? Are you ready for the AI revolution?

Maninder Singh

DM Computer Science

Fatehgarh Sahib

SoE Amloh

## LANGUAGE OF COMPUTER

Machine Code also known as Machine language is the elemental language of computer. It is read by the Computer's Central Processing Unit (CPU). It is composed of Digital binary numbers and looks like a very long sequence of zeroes and ones. While the Names of the Coding paradigms sometimes vary most experts agree on four primary types of code: Imperative, Functional, Logical and Object-oriented. Alternative names and Other primary types may include Procedural Scripting, and database Programming. A programming language is a system of notation for writing computer programs. Most programming languages are text-based formal languages but they may also be graphical. They are a kind of computer languages. The source cook for a simple computer program is written in the C programming language.

Jaspreet Kaur (11th-Arts)
GSSS Naru Nangal
Hoshiarpur

# Life Before the computer



A **memory** was lost with age.

An **application** was for employment.

A **program** was a TV show.

A **cursor** used profanity.

A **keyboard** was a piano.

A **web** was a spider's home.

A **virus** was the flu.

A **CD** was a bank account.

A **Hard Drive** was a long trip on the road.

A **mouse** was an animal.

**Floppy**... you just hoped nobody found out.

Jasmeen Kaur (12th-Commerce)
GSSS Naru Nangal
Hoshiarpur

# Cyber Security



In an era dominated by technology, the significance of cyber security cannot be under-estimated. As we increasingly rely on digital platforms for communication, commerce, and daily tasks, the need to protect our online presence becomes paramount.

Personal cyber security is the first line of defence. Simple yet effective measures, such as using strong, unique passwords and enabling two-factor authentication, go a long way in thwarting common cyber threats.

For businesses, cyber security is not just a precaution; it's a strategic necessity. The potential fallout from a data breach, including financial losses and reputational damage, underscores the importance of robust cyber security measures.

In conclusion, cyber security is not a luxury; it's a necessity in our interconnected world. From safeguarding personal information to protecting the backbone of businesses and nations.

**Ranjit Kumar**
**Computer Faculty**
**GSSS Naru Nangal**
**Hoshiarpur**

## Google Lens

ਗੂਗਲ ਐਪ (ਐਂਡਰਾਇਡ ਅਤੇ ਆਈ.ਓ.ਐਸ.) ਵਿੱਚ ਉਪਲਬਧ ਸਾਡੇ ਵਿਜ਼ੂਅਲ ਖੋਜ ਟੂਲ, ਲੈਂਸ ਦੇ ਪਿੱਛੇ ਇਹ ਸਧਾਰਨ ਵਿਚਾਰ ਹੈ। ਲੈਂਸ ਦੇ ਨਾਲ, ਤੁਸੀਂ ਆਪਣੇ ਕੈਮਰੇ ਨਾਲ ਜੋ ਵੀ ਦੇਖਦੇ ਹੋ, ਉਸ ਨੂੰ ਖੋਜ ਸਕਦੇ ਹੋ, ਇੱਕ ਤਸਵੀਰ ਜਾਂ ਸਕ੍ਰੀਨਸ਼ੌਟ ਲੈ ਸਕਦੇ ਹੋ, ਜਾਂ ਬ੍ਰਾਊਜ਼ਿੰਗ ਦੌਰਾਨ ਦਿਖਾਈ ਦੇਣ ਵਾਲੇ ਚਿੱਤਰ ਨੂੰ ਦੇਰ ਤੱਕ ਦਬਾ ਕੇ ਰੱਖ ਸਕਦੇ ਹੋ, ਅਤੇ ਖੋਜ ਕਰਨ ਲਈ ਵਿਜ਼ੂਅਲ ਨਤੀਜਿਆਂ ਦੀ ਇੱਕ ਸ਼੍ਰੇਣੀ ਪ੍ਰਾਪਤ ਕਰ ਸਕਦੇ

ਇਸਦੇ ਮੂਲ ਵਿੱਚ, ਗੂਗਲ ਲੈਂਸ ਨੂੰ ਅਸਲ ਸੰਸਾਰ ਲਈ ਇੱਕ ਖੋਜ ਇੰਜਣ ਵਜੋਂ ਸਭ ਤੋਂ ਵਧੀਆ ਦੱਸਿਆ ਗਿਆ ਹੈ। ਇਹ ਚਿੱਤਰਾਂ ਦੇ ਅੰਦਰ ਅਤੇ ਤੁਹਾਡੇ ਫ਼ੋਨ ਦੇ ਕੈਮਰੇ ਤੋਂ ਲਾਈਵ ਦ੍ਰਿਸ਼ ਵਿੱਚ ਟੈਕਸਟ ਅਤੇ ਵਸਤੂਆਂ ਦੀ ਪਛਾਣ ਕਰਨ ਲਈ ਨਕਲੀ ਬੁੱਧੀ ਦੀ ਵਰਤੋਂ ਕਰਦਾ ਹੈ... ਅਤੇ ਫਿਰ ਇਹ ਤੁਹਾਨੂੰ ਹਰ ਤਰ੍ਹਾਂ ਦੇ ਦਿਲਚਸਪ ਤਰੀਕਿਆਂ ਨਾਲ ਉਹਨਾਂ ਤੱਤਾਂ ਬਾਰੇ ਸਿੱਖਣ ਅਤੇ ਉਹਨਾਂ ਨਾਲ ਗੱਲਬਾਤ ਕਰਨ ਦਿੰਦਾ ਹੈ।

ਗੂਗਲ ਲੈਂਸ ਇੱਕ ਮੁਫਤ ਐਂਡਰੌਇਡ ਐਪ ਹੈ ਜੋ ਚਿੱਤਰ ਪਛਾਣ ਤਕਨਾਲੋਜੀ ਦੀ ਵਰਤੋਂ ਉਹਨਾਂ ਵਸਤੂਆਂ ਬਾਰੇ ਜਾਣਕਾਰੀ ਪ੍ਰਦਾਨ ਕਰਨ ਲਈ ਕਰਦੀ ਹੈ ਜੋ ਇਹ ਪਛਾਣਦੀਆਂ ਹਨ। ਗੂਗਲ ਲੈਂਸ ਵੀ ਗੂਗਲ ਅਸਿਸਟੈਂਟ ਕੈਮਰੇ ਦਾ ਹਿੱਸਾ ਹੈ, ਹਾਲਾਂ ਕਿ ਮੈਂ ਐਪ ਨੂੰ ਡਾਉਨਲੋਡ ਕਰਨਾ ਚੁਣਿਆ ਕਿਉਂਕਿ ਇਹ ਵਰਤਣਾ ਥੋੜ੍ਹਾ ਆਸਾਨ ਸੀ।

**ਸੰਦੀਪ ਕੁਮਾਰ**
**ਕੰਪਿਊਟਰ ਫੈਕਲਟੀ**
**ਸਰਕਾਰੀ ਹਾਈ ਸਕੂਲ**
**ਭੋਲ ਕਲੋਤਾ**
**ਹੁਸ਼ਿਆਰਪੁਰ**

# Artificial intelligence



Artificial intelligence is the future of innovative technology as we can use it in many fields. For example, it can be used in the Military sector, Industrial sector, Automobiles, etc. In the coming years, we will be able to see more applications of AI as this technology is evolving day by day.

- Marketing: Artificial Intelligence provides a deep knowledge of consumers and potential clients to the marketers by enabling them to deliver information at the right time. Through AI solutions, the marketers can refine their campaigns and strategies.
- Agriculture: AI technology can be used to detect diseases in plants, pests, and poor plant nutrition. With the help of AI, farmers can analyse the weather conditions, temperature, water usage, and condition of the soil.
- Banking: Fraudulent activities can be detected through AI solutions. AI bots, digital payment advisers can create a high quality of service.
- Health Care: Artificial Intelligence can surpass human cognition in the analysis, diagnosis, and complication of complicated medical data.

Pavinderjeet (11th-Arts)
GSSS Naru Nangal
Hoshiarpur

# Information Technology



The twenty-first century is known as the age of Information Technology. IT has evolved tremendously in recent decades and has revolutionized the way humans connect and work. Everything from computers and the internet to e-commerce and cell phones are the results of information technology. Advancements in technology and better information systems provide lots of possibilities in communication and connectivity. After the invention of the computer and the internet, the world has changed a lot. Just a press of a button or a swipe can get you many things that you want. You can talk to those living miles away or see people in different countries through video conferencing. You can even buy groceries and food from websites, just by sitting at home. Sharing knowledge and gathering of information has become much easier, faster, cheaper, and enjoyable. All these are the greatest advantage of IT and it had made the world a better place to live in.

**Navjot Singh (9th)**
**GSSS Naru Nangal**
**Hoshiarpur**

## DON'T FORGET



How to Be A SMART STUDENT.

- **Work hard and be smart.**
- **Stop complaining and start looking for solutions.**
- **Take note of mistakes when you fail.**
- **Be the source of motivation.**
- **Build a good support system.**
- **Stop procrastinating.**

Parveen (12th-Commerce)
GSSS Naru Nangal
Hoshiarpur

# Google Drawing



ਗੂਗਲ ਡਰਾਇੰਗ ਇੱਕ ਵਰਚੁਅਲ ਬੋਰਡ ਹੈ ਜੋ ਉਪਭੋਗਤਾਵਾਂ ਨੂੰ ਗੂਗਲ ਡਰਾਈਵ ਵਿੱਚ ਇੱਕ ਪੰਨੇ 'ਤੇ ਡਰਾਇੰਗ, ਚਿੱਤਰ ਪੇਸਟ ਕਰਨ, ਵੀਡੀਓਜ਼ ਅਤੇ ਵੈਬਸਾਈਟਾਂ ਨੂੰ ਲਿੰਕ ਕਰਨ, ਅਤੇ ਟੈਕਸਟ, ਆਕਾਰ, ਟੇਬਲ ਅਤੇ ਹੋਰ ਸਮੱਗਰੀ ਸ਼ਾਮਲ ਕਰਕੇ ਸਮੱਗਰੀ ਬਣਾਉਣ ਦੀ ਇਜਾਜ਼ਤ ਦਿੰਦਾ ਹੈ। ਉਪਭੋਗਤਾ ਫਲੋ ਚਾਰਟ, ਚਿੱਤਰ, ਸੰਕਲਪ ਨਕਸ਼ੇ, ਵਿਜ਼ੂਅਲ ਸਟੋਰੀਬੋਰਡ, ਅਸਲੀ ਕਲਾ ਅਤੇ ਹੋਰ ਬਹੁਤ ਕੁਝ ਬਣਾ ਸਕਦੇ ਹਨ।

ਗੂਗਲ ਡਰਾਇੰਗ ਇੱਕ ਵੈੱਬ ਐਪਲੀਕੇਸ਼ਨ ਅਤੇ ਗੂਗਲ ਦੇ Chrome OS 'ਤੇ ਇੱਕ ਡੈਸਕਟੌਪ ਐਪਲੀਕੇਸ਼ਨ ਦੇ ਰੂਪ ਵਿੱਚ ਉਪਲਬਧ ਹੈ। ਐਪ ਉਪਭੋਗਤਾਵਾਂ ਨੂੰ ਰੀਅਲ-ਟਾਈਮ ਵਿੱਚ ਦੂਜੇ ਉਪਭੋਗਤਾਵਾਂ ਨਾਲ ਸਹਿਯੋਗ ਕਰਦੇ ਹੋਏ ਫਲੋਚਾਰਟ, ਸੰਗਠਨਾਤਮਕ ਚਾਰਟ, ਵੈਬਸਾਈਟ ਵਾਇਰਫ੍ਰੇਮ, ਮਨ... ਨਕਸ਼ੇ, ਸੰਕਲਪ ਨਕਸ਼ੇ, ਅਤੇ ਹੋਰ ਕਿਸਮਾਂ ਦੇ ਚਿੱਤਰਾਂ ਨੂੰ ਔਨਲਾਈਨ ਬਣਾਉਣ ਅਤੇ ਸੰਪਾਦਿਤ ਕਰਨ ਦੀ ਆਗਿਆ ਦਿੰਦੀ ਹੈ।

ਗੂਗਲ ਡਰਾਇੰਗ ਇੱਕ ਮੁਫਤ, ਕਲਾਉਡ-ਅਧਾਰਿਤ ਚਿੱਤਰ ਨਿਰਮਾਣ ਐਪਲੀਕੇਸ਼ਨ ਹੈ ਜੋ ਉਪਭੋਗਤਾਵਾਂ ਨੂੰ ਚਿੱਤਰ, ਇਨਫੋਗ੍ਰਾਫਿਕਸ, ਫਲੋਚਾਰਟ, ਸੰਗਠਨਾਤਮਕ ਚਾਰਟ, ਮਨ ਦੇ ਨਕਸ਼ੇ, ਸੰਕਲਪ ਨਕਸ਼ੇ, ਸਮਾਂ-ਰੇਖਾਵਾਂ ਅਤੇ ਹੋਰ ਕਿਸਮਾਂ ਦੀਆਂ ਤਸਵੀਰਾਂ ਬਣਾਉਣ ਲਈ ਅਸਲ-ਸਮੇਂ ਵਿੱਚ ਸਹਿਯੋਗ ਕਰਨ ਅਤੇ ਇਕੱਠੇ ਕੰਮ ਕਰਨ ਦੀ ਆਗਿਆ ਦਿੰਦੀ ਹੈ।

**ਸੰਦੀਪ ਕੁਮਾਰ**
**ਕੰਪਿਊਟਰ ਫੈਕਲਟੀ**
**ਸਰਕਾਰੀ ਹਾਈ ਸਕੂਲ**
**ਭੋਲ ਕਲੋਤਾ**
**ਹੁਸ਼ਿਆਰਪੁਰ**



## Life of Computer

The word Computer comes from the Latin word 'Computare' which means 'to calculate'.

A computer consists of physical components that can be attached to it known as a Hardware. A computer contains a set of directions that are already installed inside the machine known as the Software. Computers generally have an Application software -- a program that functions after the operating system software is loaded.

**Manjot (11th-Arts)**
**GSSS Naru Nangal**
**Hoshiarpur**

knowledgehub2k22@gmail.com

www.knowledgehub.education

# Connect with Knowledge Hub

98886 41560

Knowledge Hub Facebook

Knowledge Hub YouTube